ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ

# ਬੱਚੇ ਮਾਤਾ ਪਿਤਾ ਦਾ ਕਹਿਣਾ ਕਿਉਂ ਨਹੀਂ ਮੰਨਦੇ ਹਨ?



ਅਕਾਲ ਪੁਰਖੁ ਦੀ ਪਰਿਭਾਸ਼ਾ
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਸਿੱਖ ਧਰਮ ਦਾ ਮੁਢਲਾ ਸਿਧਾਂਤ
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥

ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥

ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥

ਗੰਢੁ ਪਰੀਤੀ ਮਿਠੇ ਬੋਲ॥

ਚੰਗਿਆਈਆ ਬੁਰਿਆਈਆ, ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ, ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ ॥

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥

ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥

ਡਾ: ਸਰਬਜੀਤ ਸਿੰਘ

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ

ਤਤਕਰਾ

ੴ ਸਤਿਗੁਰ ਪ੍ਰਸਾਦਿ

# ਬੱਚੇ ਮਾਤਾ ਪਿਤਾ ਦਾ ਕਹਿਣਾ ਕਿਉਂ ਨਹੀਂ ਮੰਨਦੇ ਹਨ?

ਲੇਖਕ
**ਡਾ: ਸਰਬਜੀਤ ਸਿੰਘ**
**ਵਾਸ਼ੀ, ਨਵੀਂ ਮੁੰਬਈ**

# Why children do not listen to the parents?

**Dr. Sarbjit Singh**
**Vashi, Navi Mumbai**

**ਪਹਿਲੀ ਵਾਰ ੨ ਅਪਰੈਲ ੨੦੧੮**
**First Electronic Edition: 2nd April 2018**

ਆਰੰਭ

# ਤਤਕਰਾ

## ਲੋੜੀਦਾ ਭਾਗ ਪੜ੍ਹਨ ਲਈ ਉਸ ਉੱਪਰ ਕਲਿਕ ਕਰੋ ਜੀ

## Please click on the link to access the required page


| ਭਾਗ | ਵਿਸ਼ਾ | ਪੰਨਾਂ |
|---|---|---|
| | ਧੰਨਵਾਦ | ੩ |
| | ਆਰੰਭਕ ਜਾਣਕਾਰੀ | ੫ |
| | Int01 Int02 Int03 Int04 Int05 Int06 | |
| ੧ | ਕੀ ਅਸੀਂ ਆਪਣੇ ਗੁਰਦੇਵ ਮਾਤਾ ਗੁਰਦੇਵ ਪਿਤਾ ਦਾ ਕਹਿਣਾ ਮੰਨਦੇ ਹਾਂ | ੧੫ |
| ੨ | ਕੀ ਮਾਤਾ ਪਿਤਾ ਇਸ ਦੇ ਖੁਦ ਜ਼ਿੰਮੇਵਾਰ ਹਨ? | ੧੯ |
| ੩ | ਅਸੀਂ ਆਪਣੇ ਬੱਚਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਕਿਸ ਤਰ੍ਹਾਂ ਸੁਧਾਰ ਸਕਦੇ ਹਾਂ | ੨੪ |
| ੪ | ਬੱਚਿਆਂ ਨਾਲ ਕਿਸ ਤਰ੍ਹਾਂ ਗੱਲਬਾਤ ਕਰਨੀ ਚਾਹੀਦੀ ਹੈ | ੩੧ |
| ੫ | ਬੱਚਿਆਂ ਨੂੰ ਕਹਿਣਾ ਮੰਨਣ ਲਈ ਤੇ ਅਨੁਸ਼ਾਸਨ ਕਿਸ ਤਰ੍ਹਾਂ ਸਿਖਾਇਆ ਜਾ ਸਕਦਾ ਹੈ? | ੩੪ |
| ੬ | ਬੱਚੇ ਸਕੂਲ ਵਿਚ ਕਿਸ ਤਰ੍ਹਾਂ ਸਫਲਤਾ ਨਾਲ ਸਿਖਿਆ ਲੈ ਸਕਦੇ ਹਨ? | ੩੯ |
| | ਗੁਰਦੁਆਰਾ ਸਾਹਿਬ ਤੇ ਮਾਤਾ ਪਿਤਾ ਦਾ ਯੋਗਦਾਨ | ੪੨ |
| | ~~ਗੁਰੂ ਗਰੰਥ ਸਾਹਿਬ ਅਨੁਸਾਰ ਹੋਰ ਵਿਸ਼ਿਆਂ ਸਬੰਧੀ ਲੇਖਾਂ ਦੀ ਸੂਚੀ~~ | ~~੪੫~~ |

# ਧੰਨਵਾਦ

ਅੱਜਕਲ ਸਾਇੰਸ ਨੇ ਤਰੱਕੀ ਤਾਂ ਬਹੁਤ ਕਰ ਲਈ ਹੈ। ਹੁਣ ਦੂਰ ਦੇਸਾਂ ਪਰਦੇਸਾਂ ਦਾ ਸਫਰ ਕੁਝ ਕੁ ਘੰਟਿਆਂ ਵਿਚ ਹੀ ਤਹਿ ਕੀਤਾ ਜਾ ਸਕਦਾ ਹੈ, ਸਕਿੰਟਾਂ ਵਿਚ ਦੂਰ ਦੂਰ ਤਕ ਸੁਨੇਹੇ ਭੇਜੇ ਜਾ ਸਕਦੇ ਹਨ, ਗਲਬਾਤ ਕੀਤੀ ਜਾ ਸਕਦੀ ਹੈ, ਵੀਡੀਓ ਰਾਹੀ ਵੇਖਿਆ ਜਾ ਸਕਦਾ ਹੈ। ਇਹ ਸਭ ਕੁਝ ਹੋਣਦੇ ਬਾਵਜੂਦ ਮਾਤਾ ਪਿਤਾ ਤੇ ਬੱਚਿਆਂ ਵਿਚ ਦੂਰੀ ਵਧ ਰਹੀ ਹੈ, ਪਰਿਵਾਰ ਟੁਟ ਰਹੇ ਹਨ, ਰਿਸ਼ਤੇ ਤੇ ਸਬੰਧ ਘਟਦੇ ਜਾ ਰਹੇ ਹਨ। ਬੱਚੇ ਅਕਸਰ ਆਪਣੇ ਮਾਤਾ ਪਿਤਾ ਦਾ ਕਹਿਣਾ ਨਹੀਂ ਮੰਨਦੇ ਹਨ। ਆਪਸੀ ਵਿਚਾਰਾ ਵਿਚ ਭਿੰਨਤਾ, ਰਹਿਣੀ ਬਹਿਣੀ, ਖਾਣ ਪੀਣ, ਮਨੋਰੰਜਨ ਦੇ ਸਾਧਨ, ਮਿਹਨਤ ਕਰਨ ਦੇ ਤਰੀਕੇ, ਕਿਨ੍ਹਾਂ ਲੋਕਾਂ ਨਾਲ ਮੇਲਜੋਲ ਰੱਖਣਾ, ਆਦਿ ਬਹੁਤ ਸਾਰੇ ਵਿਸ਼ੇ ਹਨ, ਜਿਨ੍ਹਾਂ ਕਰਕੇ ਪਰਿਵਾਰਾਂ ਅੰਦਰ ਅਕਸਰ ਅਸਹਿਮਤੀ ਵੇਖਣ ਵਿਚ ਮਿਲਦੀ ਹੈ। ਕਈ ਐਸੇ ਕਾਰਨ ਹਨ, ਜੋ ਕਿ ਬਾਹਰੀ ਵਾਤਾਵਰਨ ਨਾਲ ਪ੍ਰਭਾਵਿਤ ਹੁੰਦੇ ਹਨ, ਜਿਨ੍ਹਾਂ ਤੇ ਮਾਪਿਆ ਦਾ ਜਿਆਦਾ ਕਾਬੂ ਨਹੀਂ ਹੋ ਸਕਦਾ ਹੈ। ਮਾਤਾ ਪਿਤਾ ਕਿਨੇ ਵੀ ਧਾਰਮਕ ਹੋਣ, ਰੋਜ਼ਾਨਾ ਗੁਰਦੁਆਰਾ ਸਾਹਿਬ ਜਾਂਦੇ ਹੋਣ, ਪਰੰਤੂ ਜਰੂਰੀ ਨਹੀਂ ਕਿ ਉਨ੍ਹਾਂ ਦੇ ਬੱਚੇ ਕਹਿਣਾ ਮੰਨਦੇ ਹੋਣ।

ਬਹੁਤ ਘਟ ਲੋਕ ਹਨ, ਜਿਹੜੇ ਕਿ ਆਪਣੇ ਆਪ ਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਆਧਾਰ ਤੇ ਪਰਖਦੇ ਹਨ ਤੇ ਉਸ ਅਨੁਸਾਰ ਚਲਣ ਦਾ ਉਪਰਾਲਾ ਕਰਦੇ ਹਨ ਤੇ ਜੀਵਨ ਦੇ ਪਹਿਲੂਆਂ ਬਾਰੇ ਸਿਖਿਆ ਲੈਂਦੇ ਹਨ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਤੋਂ ਸੇਧ ਲੈ ਕੇ ਇਹ ਉਪਰਾਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਕਿ ਕਿਸ ਤਰ੍ਹਾਂ ਮਾਤਾ ਪਿਤਾ ਤੇ ਬੱਚਿਆਂ ਵਿਚ ਦੂਰੀ ਘਟਾਈ ਜਾ ਸਕਦੀ ਹੈ, ਟੁਟ ਰਹੇ ਪਰਿਵਾਰ ਕਿਸ ਤਰ੍ਹਾਂ ਜੋੜੇ ਜਾ ਸਕਦੇ ਹਨ, ਆਪਸੀ ਮੇਲ ਮਿਲਾਪ ਵਿਚ ਕਿਸ ਤਰ੍ਹਾਂ ਵਾਧਾ ਕੀਤਾ ਜਾ ਸਕਦਾ ਹੈ। ਇਸ ਵਿਸ਼ੇ ਸਬੰਧੀ ਵੱਧ ਤੋਂ ਵੱਧ ਜਾਣਕਾਰੀ ਨੂੰ ਇਕ ਕਿਤਾਬ ਦੇ ਰੂਪ ਵਿਚ ਇਕੱਠਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਕੱਤਰ ਕੀਤੀ ਗਈ ਜਾਣਕਾਰੀ ਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਆਧਾਰ ਤੇ ੬ ਭਾਗਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਆਰੰਭਕ ਜਾਣਕਾਰੀ ਵਿਚ ਇਨ੍ਹਾਂ ਸਾਰੇ ਭਾਗਾਂ ਦਾ ਸੰਖੇਪ ਵਿਚ ਵਰਨਣ ਕੀਤਾ ਗਿਆ ਹੈ ਤਾਂ ਜੋ ਪਾਠਕਾਂ ਨੂੰ ਸਮਝਣ ਵਿਚ ਆਸਾਨੀ ਹੋ ਸਕੇ।

ਇਸ ਕਿਤਾਬ ਵਿਚ ਅੰਕਿਤ ੬ ਭਾਗਾਂ ਦੇ ਸਿਰਲੇਖ ਹਨ:- ਕੀ ਅਸੀਂ ਆਪਣੇ ਗੁਰਦੇਵ ਮਾਤਾ ਗੁਰਦੇਵ ਪਿਤਾ ਦਾ ਕਹਿਣਾ ਮੰਨਦੇ ਹਾਂ?, ਕੀ ਮਾਤਾ ਪਿਤਾ ਇਸ ਦੇ ਖੁਦ ਜ਼ਿੰਮੇਵਾਰ ਹਨ?, ਅਸੀਂ ਆਪਣੇ ਬੱਚਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਕਿਸ ਤਰ੍ਹਾਂ ਸੁਧਾਰ ਸਕਦੇ ਹਾਂ?, ਬੱਚਿਆਂ ਨਾਲ ਕਿਸ ਤਰ੍ਹਾਂ ਗੱਲਬਾਤ ਕਰਨੀ ਚਾਹੀਦੀ ਹੈ?, ਬੱਚਿਆਂ ਨੂੰ ਕਹਿਣਾ ਮੰਨਣ ਲਈ ਤੇ ਅਨੁਸ਼ਾਸਨ ਕਿਸ ਤਰ੍ਹਾਂ ਸਿਖਾਇਆ ਜਾ ਸਕਦਾ ਹੈ?, ਬੱਚੇ ਸਕੂਲ ਵਿਚ ਕਿਸ ਤਰ੍ਹਾਂ ਸਫਲਤਾ ਨਾਲ ਸਿਖਿਆ ਲੈ ਸਕਦੇ ਹਨ?

ਕੋਸ਼ਿਸ਼ ਕੀਤੀ ਗਈ ਹੈ ਕਿ ਹਰੇਕ ਵਿਸ਼ੇ ਸਬੰਧੀ ਪ੍ਰਮਾਣ ਦੇ ਤੌਰ ਤੇ ਸ਼ਬਦ ਸਾਂਝੇ ਕੀਤੇ ਜਾਣ ਤਾਂ ਜੋ ਗੁਰੂ ਗਰੰਥ ਸਾਹਿਬ ਅਨੁਸਾਰ ਉਸ ਵਿਸ਼ੇ ਸਬੰਧੀ ਸਹੀ ਤੇ ਪੂਰਣ ਜਾਣਕਾਰੀ ਹਾਸਲ ਹੋ ਸਕੇ। ਹਰੇਕ ਭਾਗ ਦੇ ਅੰਤ ਵਿਚ ਸੰਖੇਪ ਵਿਚ ਉਸ ਵਿਸ਼ੇ ਸਬੰਧੀ ਜਾਣਕਾਰੀ ਦਿਤੀ ਗਈ ਹੈ, ਤਾਂ ਜੋ ਪਾਠਕ ਆਸਾਨੀ ਨਾਲ ਸਮਝ ਸਕਣ।

ਸਭ ਤੋਂ ਪਹਿਲਾਂ ਤਾਂ ਦਾਸ ਉਸ ਅਕਾਲ ਪੁਰਖੁ ਦਾ ਬਹੁਤ ਧੰਨਵਾਦੀ ਹੈ, ਜਿਸ ਨੇ ਗੁਰੂ ਨਾਨਕ ਸਾਹਿਬ ਦੇ ਆਰੰਭ ਕੀਤੇ ਸਿੱਖ ਧਰਮ ਵਿਚ ਮਨੁੱਖਾ ਜਨਮ ਦਿਤਾ ਤੇ ਗੁਰੂ ਗਰੰਥ ਸਾਹਿਬ ਬਾਰੇ ਜਾਣਨ ਤੇ ਸਮਝਣ ਦਾ ਉਦਮ ਤੇ ਬਲ ਬਖਸ਼ਿਆ। ਜੀਵਨ ਜਾਚ ਲਈ ਗਿਆਨ ਦਾ ਅਸਲੀ ਸੋਮਾਂ ਤਾਂ ਗੁਰੂ ਗਰੰਥ ਸਾਹਿਬ ਹੀ ਹਨ, ਜਿਨ੍ਹਾਂ ਦੁਆਰਾ ਜੀਵਨ ਸਬੰਧੀ ਸਹੀ ਜਾਣਕਾਰੀ ਹਾਸਲ ਕਰਕੇ ਦਾਸ ਲੇਖਾਂ ਦੇ ਰੂਪ ਵਿਚ ਢਾਲ ਕੇ ਆਪ ਸਭ ਦੇ ਸਾਹਮਣੇ ਪੇਸ਼ ਕਰਨ ਦੇ ਯੋਗ ਹੋ ਸਕਿਆ ਹਾਂ।

ਦਾਸ ਆਪਣੇ ਮਾਤਾ (ਸਰਦਾਰਨੀ ਸਵਰਨ ਕੌਰ ਜੀ) ਤੇ ਪਿਤਾ (ਸਰਦਾਰ ਹਰਜਿੰਦਰ ਸਿੰਘ ਜੀ) ਦਾ ਅਤੀ ਰਿਣੀ ਹੈ, ਜਿਨ੍ਹਾਂ ਨੇ ਪਾਲਿਆਂ ਪੋਸਿਆ ਤੇ ਦੁਨਿਆਵੀ ਅਤੇ ਗੁਰਮਤਿ ਦਾ ਗਿਆਨ ਹਾਸਲ ਕਰਨ ਦੇ ਯੋਗ ਬਣਾਇਆ। ਆਪਣੇ ਪਰਿਵਾਰ ਦੇ ਮੈਂਬਰਾਂ ਧਰਮ ਪਤਨੀ (ਹਰਵਿੰਦਰ ਕੌਰ), ਸਪੁਤਰ (ਪ੍ਰਭਦੀਪ ਸਿੰਘ) ਸਪੁਤਰੀ (ਪਰਨੀਤ ਕੌਰ) ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣਾ ਉਹ ਕੀਮਤੀ ਸਮਾਂ ਭੇਟ ਕੀਤਾ, ਜਿਹੜਾ ਸਮਾਂ ਦਾਸ ਨੇ ਪਰਿਵਾਰ ਦੇ ਮੈਂਬਰਾਂ ਪ੍ਰਤੀ ਜੁਮੇਵਾਰੀ ਲਈ ਵਰਤਣਾ ਸੀ। ਉਹ ਸਮਾਂ ਦਾਸ ਨੂੰ ਗੁਰਬਾਣੀ ਨੂੰ ਪੜ੍ਹਨ ਸਮਝਣ ਤੇ ਵੀਚਾਰਨ ਲਈ ਦਿਤਾ, ਜਿਸ ਸਦਕਾ ਗੁਰਬਾਣੀ ਦੇ ਲੇਖ ਲਿਖਣ ਵਿਚ ਤੇ ਇਹ ਕਿਤਾਬ ਲਿਖਣ ਦੇ ਯੋਗ ਹੋ ਸਕਿਆ।

ਦਾਸ ਸਰਦਾਰ ਹਰਮੋਹਿੰਦਰ ਸਿੰਘ ਜੀ (ਵਾਸ਼ੀ, ਨਵੀਂ ਮੁੰਬਈ) ਦਾ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਬਹੁਤ ਸਾਰੇ ਲੇਖਾਂ ਨੂੰ ਪੜ੍ਹ ਕੇ ਆਪਣੇ ਕੀਮਤੀ ਸੁਝਾਅ ਦਿਤੇ ਤਾਂ ਜੋ ਉਨ੍ਹਾਂ ਨੂੰ ਸੋਧਿਆ ਜਾ ਸਕੇ।

ਅਕਾਲ ਪੁਰਖੁ ਆਪ ਬੇਅੰਤ ਹੈ ਤੇ ਉਸ ਦੀ ਰਚਨਾ ਵੀ ਬੇਅੰਤ ਹੈ। ***"ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ"***। ਮੇਰੇ ਵਰਗੇ ਆਮ ਮਨੁੱਖ ਦੇ ਲਈ ਉਸ ਅਕਾਲ ਪੁਰਖੁ ਨੂੰ ਸਮਝਣਾ ਬਹੁਤ ਕਠਿਨ ਹੈ। ਗੁਰੂ ਗਰੰਥ ਸਾਹਿਬ ਦੀ ਸਹਾਇਤਾ ਨਾਲ ਜੀਵਨ ਸਬੰਧੀ ਸਹੀ ਜਾਣਕਾਰੀ ਨੂੰ ਸਮਝਣ ਤੇ ਬਿਆਨ ਕਰਨ ਵਿਚ ਕਾਫੀ ਖਾਮੀਆਂ ਰਹਿ ਗਈਆਂ ਹੋਣਗੀਆਂ। ***"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"*** ਆਪ ਸਭ ਅੱਗੇ ਬੇਨਤੀ ਹੈ ਕਿ ਇਸ ਕਿਤਾਬ ਨੂੰ ਪੜ੍ਹ ਕੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੇ ਆਧਾਰ ਤੇ ਵੀਚਾਰੋ ਤੇ ਆਪਣੇ ਸੁਝਾਵ ਭੇਜੋ ਤਾਂ ਜੋ ਇਸ ਵਿਚ ਲੋੜੀਦੇ ਸੁਧਾਰ ਕੀਤੇ ਜਾ ਸਕਣ।

**"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ"**

Dr. Sarbjit Singh
RH1 / E-8, Sector-8,
Vashi, Navi Mumbai - 400703.

ਡਾ: ਸਰਬਜੀਤ ਸਿੰਘ
ਆਰ ਐਚ ੧ / ਈ - ੮, ਸੈਕਟਰ - ੮,
ਵਾਸ਼ੀ, ਨਵੀਂ ਮੁੰਬਈ - ੪੦੦੭੦੩.

Email = sarbjitsingh@yahoo.com
Web= http://www.geocities.ws/sarbjitsingh/,
http://www.sikhmarg.com/article-dr-sarbjit.html

ਤਤਕਰਾ

# ਆਰੰਭਕ ਜਾਣਕਾਰੀ

## {੧} ਕੀ ਅਸੀਂ ਆਪਣੇ ਗੁਰਦੇਵ ਮਾਤਾ ਗੁਰਦੇਵ ਪਿਤਾ ਦਾ ਕਹਿਣਾ ਮੰਨਦੇ ਹਾਂ

ਅੱਜਕਲ ਦੀ ਇਹ ਆਮ ਸਮੱਸਿਆ ਹੈ ਕਿ ਬੱਚੇ ਅਕਸਰ ਆਪਣੇ ਮਾਤਾ ਪਿਤਾ ਦਾ ਕਹਿਣਾ ਨਹੀਂ ਮੰਨਦੇ ਹਨ। ਆਪਸੀ ਵਿਚਾਰਾ ਵਿਚ ਭਿੰਨਤਾ, ਰਹਿਣੀ ਬਹਿਣੀ, ਖਾਣ ਪੀਣ, ਮਨੋਰੰਜਨ ਦੇ ਸਾਧਨ, ਮਿਹਨਤ ਕਰਨ ਦੇ ਤਰੀਕੇ, ਕਿਨ੍ਹਾਂ ਨਾਲ ਮੇਲਜੋਲ ਰੱਖਣਾ, ਆਦਿ ਬਹੁਤ ਸਾਰੇ ਵਿਸ਼ੇ ਹਨ, ਜਿਨ੍ਹਾਂ ਕਰਕੇ ਪਰਿਵਾਰਾਂ ਅੰਦਰ ਅਕਸਰ ਅਸਹਿਮਤੀ ਵੇਖਣ ਵਿਚ ਮਿਲਦੀ ਹੈ। ਕਈ ਐਸੇ ਕਾਰਨ ਹਨ, ਜੋ ਕਿ ਬਾਹਰੀ ਵਾਤਾਵਰਨ ਨਾਲ ਪ੍ਰਭਾਵਿਤ ਹੁੰਦੇ ਹਨ, ਜਿਨ੍ਹਾਂ ਤੇ ਮਾਪਿਆ ਦਾ ਜਿਆਦਾ ਕਾਬੂ ਨਹੀਂ ਹੋ ਸਕਦਾ ਹੈ। ਮਾਤਾ ਪਿਤਾ ਕਿਨੇ ਵੀ ਧਾਰਮਕ ਹੋਣ, ਰੋਜ਼ਾਨਾ ਗੁਰਦੁਆਰਾ ਸਾਹਿਬ ਜਾਂਦੇ ਹੋਣ, ਪਰੰਤੂ ਜਰੂਰੀ ਨਹੀਂ ਕਿ ਉਨ੍ਹਾਂ ਦੇ ਬੱਚੇ ਕਹਿਣਾ ਮੰਨਦੇ ਹੋਣ। ਮੂਲ ਕਾਰਨ ਇਹ ਹੈ ਕਿ ਜਿਆਦਾਤਰ ਲੋਕ ਆਪਣੇ ਆਪ ਨੂੰ ਧਰਮੀ ਤਾਂ ਸਮਝਦੇ ਹਨ, ਪਰੰਤੂ ਅਸਲ ਵਿਚ ਇੰਜ ਨਹੀਂ ਹੈ। ਬਹੁਤ ਸਾਰੇ ਲੋਕ ਸਿਰਫ ਧਾਰਮਕ ਰਵਾਇਤਾਂ ਹੀ ਪੂਰੀਆਂ ਕਰਦੇ ਹਨ। ਬਹੁਤ ਘਟ ਲੋਕ ਹਨ, ਜਿਹੜੇ ਕਿ ਆਪਣੇ ਆਪ ਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਆਧਾਰ ਤੇ ਪਰਖਦੇ ਹਨ ਤੇ ਉਸ ਅਨੁਸਾਰ ਚਲਣ ਦਾ ਉਪਰਾਲਾ ਕਰਦੇ ਹਨ।

***ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ (੬੫੦)***

ਸਾਡੀ ਭਾਸ਼ਾ ਤੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਭਾਸ਼ਾ ਵਿਚ ਹੁਣ ਬਹੁਤ ਅੰਤਰ ਆ ਚੁਕਾ ਹੈ। ਜਿਨ੍ਹੀ ਦੇਰ ਤਕ ਗਾਇਨ ਕੀਤੇ ਗਏ ਸਬਦ ਦੀ ਸਮਝ ਨਹੀਂ ਆਉਂਦੀ, ਉਤਨੀ ਦੇਰ ਤਕ ਕੀਰਤਨ ਦਾ ਕੋਈ ਲਾਭ ਨਹੀਂ ਹੋ ਸਕਦਾ ਹੈ। ਗੁਰਬਾਣੀ ਅਨੁਸਾਰ ਤਾਂ ਅਸੀਂ ਇਕ ਪਲ ਵਿਚ ਹੀ ਮੁਕਤ ਹੋ ਸਕਦੇ ਹਾਂ, ਜੇਕਰ ਪੂਰੀ ਲਗਨ ਨਾਲ ਸਤਿਗੁਰ ਦੇ ਬਚਨਾਂ ਦੁਆਰਾ ਅਕਾਲ ਪੁਰਖੁ ਵਿਚ ਪੂਰੀ ਤਰ੍ਹਾਂ ਲੀਨ ਹੋ ਜਾਈਏ। ਖਾਲੀ ਵਾਹਿਗੁਰੂ ਵਾਹਿਗੁਰੂ ਕਰਨ ਨਾਲ ਕੁਝ ਨਹੀਂ ਹੋਣਾ ਹੈ। ਸੱਚੀ ਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਣਾ ਹੈ।

***ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥*** *(੬੫੪-੬੫੫)*

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਨੂੰ ਹਿਰਦੇ ਵਿਚ ਵਸਾਣ ਨਾਲ ਹੀ ਅਕਾਲ ਪੁਰਖੁ ਦੀ ਮਿਹਰ ਦੀ ਨਜਰ ਹੋ ਸਕਦੀ ਹੈ। ਕੱਚੀ ਬਾਣੀ ਪੜ੍ਹਨ ਨਾਲ ਜਾਂ ਵੱਖ ਵੱਖ ਤਰ੍ਹਾਂ ਦੀ ਧਾਰਨਾ ਲਾਣ ਨਾਲ ਕੁਝ ਪ੍ਰਾਪਤ ਨਹੀਂ ਹੋਣਾ ਹੈ। ਸੱਚੀ ਬਾਣੀ ਨੂੰ ਆਪਣੇ ਹਿਰਦੇ ਵਿਚ ਵਸਾਣਾ ਹੈ, ਗੁਰਬਾਣੀ ਅਨੁਸਾਰ ਦੱਸੀ ਗਈ ਸਿਖਿਆ ਨੂੰ ਜੀਵਨ ਦੇ ਹਰ ਪਲ ਪਲ ਵਿਚ ਅਪਨਾਉਂਣਾ ਹੈ। ਘਰਾਂ ਵਿਚ, ਗੁਰੂ ਗਰੰਥ ਸਾਹਿਬ ਦੇ ਕਰਵਾਏ ਜਾ ਰਹੇ ਪਾਠ, ਬੱਚਿਆਂ ਦੇ ਆਨੰਦ ਕਾਰਜ ਸਿਰਫ ਰਵਾਇਤਾ ਤਕ ਹੀ ਸੀਮਿਤ ਰਹਿ ਗਏ ਹਨ। ਮੂਲ ਕਾਰਨ ਇਹ ਹੈ ਕਿ ਅਸੀਂ ਗੁਰੂ ਗਰੰਥ ਸਾਹਿਬ ਦੀ ਸਿਖਿਆ ਨੂੰ ਨਹੀਂ ਸੁਣਦੇ ਹਾਂ ਤੇ ਨਾ ਹੀ ਉਸ ਅਨੁਸਾਰ ਜੀਵਨ ਵਿਚ ਅਮਲ ਕਰਦੇ ਹਾਂ। ਬੱਚਿਆਂ ਨੇ ਵੱਡਿਆਂ ਦੀ ਨਕਲ ਕਰਨੀ ਹੁੰਦੀ ਹੈ ਤੇ ਉਨ੍ਹਾਂ ਕੋਲੋਂ ਹੀ ਸਿਖਣਾ ਹੁੰਦਾ ਹੈ। ਜੇਕਰ ਵੱਡਿਆਂ ਨੇ ਹੀ ਕਹਿੰਣਾ ਮੰਨਣਾਂ ਨਹੀਂ ਸਿਖਿਆ ਹੈ, ਤਾਂ ਬੱਚਿਆਂ ਤੋਂ ਕਿਸ ਤਰ੍ਹਾਂ ਆਸ ਰੱਖ ਸਕਦੇ ਹਾਂ। ਗੁਰਦੁਆਰਾ ਸਾਹਿਬ ਵਿਚ ਵੀ ਜਿਆਦਾ ਤਰ ਰਵਾਇਤਾ ਹੀ ਪੂਰੀਆਂ ਕੀਤੀਆਂ ਜਾਂਦੀਆਂ ਹਨ। ਸੱਚੀ ਬਾਣੀ ਦੀ, ਸੱਚੀ ਤੇ ਸਪੱਸ਼ਟ ਸਿਖਿਆ ਤੇ ਵੀਚਾਰ ਵੱਲ ਧਿਆਨ ਨਹੀਂ ਦਿਤਾ ਜਾਂਦਾ ਹੈ। ਸਮਾਜ ਖਿੰਡਿਆ ਪਿਆ ਹੈ। ਟੀ.ਵੀ ਤੇ ਫਿਲਮਾਂ ਵਾਲੇ ਗਾਂਣੇ, ਡਾਂਸ ਤੇ ਘਟੀਆਂ ਸਿਖਿਆਂ ਦੇ ਕੇ ਆਪਣੇ ਪੈਸੇ ਕਮਾਉਂਣ ਵਿਚ ਰੁਝੇ ਰਹਿੰਦੇ ਹਨ। ਜੇਕਰ ਪੂਰਾ ਆਵਾ ਹੀ ਊਤਿਆ ਹੋਵੇ ਤਾਂ ਚੰਗੀ ਸਿਖਿਆ ਕਿਥੋਂ ਮਿਲ ਸਕਦੀ ਹੈ।

***ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥ (੧੩੩੪)***

ਕੇਸਾਂ ਸਬੰਧੀ ਗੁਰੂ ਕੀ ਮੋਹਰ ਕਹਿਣ ਨਾਲ ਬੱਚਿਆਂ ਤੇ ਕੋਈ ਅਸਰ ਨਹੀਂ ਹੁੰਦਾ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਬਦ ਸਾਨੂੰ ਸਪੱਸ਼ਟ ਕਰਕੇ ਸਮਝਾਂਦੇ ਹਨ ਕਿ ਸਾਡੇ ਅਸਲੀ ਮਾਤਾ ਪਿਤਾ, **"ਗੁਰਦੇਵ ਮਾਤਾ ਗੁਰਦੇਵ ਪਿਤਾ"** ਹੀ ਹਨ। ਜੇਕਰ ਅਸੀਂ ਖੁਦ ਆਪ ਗੁਰੂ ਦੀ ਮਤ ਅਨੁਸਾਰ ਨਹੀਂ ਚਲਦੇ ਹਾਂ ਤਾਂ ਅਸੀਂ ਆਪਣੇ ਬੱਚਿਆਂ ਨੂੰ ਗੁਰੂ ਦੀ ਮਤ ਅਨੁਸਾਰ ਚਲਣ ਲਈ ਕਿਸ ਤਰ੍ਹਾਂ ਸਮਝਾਂ ਸਕਦੇ ਹਾਂ।

ਪੁਰਤਨ ਸਮਿਆਂ ਵਿਚ ਬਜੁਰਗ, ਗੁਰੂ ਦੀ ਮਤ ਅਨੁਸਾਰ ਚਲਦੇ ਸਨ। ਇਸ ਲਈ ਉਨ੍ਹਾਂ ਦੇ ਪੁੱਤ ਪੋਤਰੇ ਵੀ ਉਨ੍ਹਾਂ ਅਨੁਸਾਰ ਚਲਦੇ ਸਨ। ਇਸ ਤਰ੍ਹਾਂ ਇਹ ਲੜੀ ਹੋਰ ਬੱਚਿਆਂ ਤੇ ਭੈਣਾਂ ਭਰਾਵਾਂ ਵਿਚ ਵੀ ਚਲਦੀ ਰਹਿੰਦੀ ਸੀ। ਹੁਣ ਬਜੁਰਗ ਤਾਂ

ਵਿਰਲੇ ਹੀ ਕਿਸੇ ਘਰ ਵਿਚ ਹੁੰਦੇ ਹਨ। ਜਿਸ ਤਰ੍ਹਾਂ ਦਾ ਸਲੂਕ ਅਸੀਂ ਆਪਣੇ ਮਾਤਾ, ਪਿਤਾ ਤੇ ਬਜੁਰਗਾਂ ਨਾਲ ਕਰਦੇ ਹਨ, ਉਹੋ ਜਿਹੀ ਸਿਖਿਆ ਸਾਡੇ ਬੱਚੇ ਅੱਗੋਂ ਲੈ ਲੈਂਦੇ ਹਨ। ਗੁਰੂ ਸਾਹਿਬ ਅਤੇ ਬਜੁਰਗਾਂ ਦੀ ਸਿਖਿਆ ਤੋਂ ਬਿਨਾਂ ਅਸੀਂ ਆਪਣੇ ਬੱਚਿਆਂ ਨੂੰ ਕਿਸ ਤਰ੍ਹਾਂ ਅਗਵਾਈ ਦੇ ਸਕਦੇ ਹਾਂ ਤੇ ਸਹੀ ਰਸਤਾ ਸਮਝਾਂ ਸਕਦੇ ਹਾਂ। ਬੱਚਿਆਂ ਨੂੰ ਸਿਖਿਆ ਦੇਣ ਲਈ ਹੁਣ ਸਿਰਫ ਟੀ.ਵੀ., ਫਿਲਮਾਂ ਤੇ ਮਾਇਆ ਵਿਚ ਗਵਾਚਾ ਸਮਾਜ ਹੀ ਰਹਿ ਗਿਆ ਹੈ। ਅਜੇਹੀ ਸਥਿਤੀ ਵਿਚ ਅਸੀਂ ਆਪਣੇ ਬੱਚਿਆਂ ਨੂੰ ਗੁਰੂ ਦੀ ਮਤ ਅਨੁਸਾਰ ਚਲਣ ਲਈ ਕਿਸ ਤਰ੍ਹਾਂ ਸਮਝਾਂ ਸਕਦੇ ਹਾਂ। ਇਸ ਲਈ ਆਪਣੇ ਆਪ ਨੂੰ ਖੁਸ਼ ਕਿਸਮਤ ਸਮਝਣਾ ਚਾਹੀਦਾ ਹੈ, ਜੇਕਰ ਸਾਡੇ ਬੱਚੇ ਸ਼ਰਾਬਾ ਤੇ ਨਸ਼ਿਆਂ ਵਿਚ ਬਰਬਾਦ ਨਹੀਂ ਹੋ ਰਹੇ ਹਨ। ਅੱਜਕਲ ਦੇ ਸਮੇਂ ਵਿਚ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਇਕ ਚੰਗੇ ਸਿੱਖ ਤੇ ਚੰਗੇ ਨਾਗਰਿਕ ਬਣਾਨਾ ਚਾਹੁੰਦੇ ਹਾਂ, ਤਾਂ ਸਾਨੂੰ ਗੁਰਬਾਣੀ ਨੂੰ ਰਵਾਇਤੀ ਤੌਰ ਤੇ ਪੜ੍ਹਨਾਂ ਬੰਦ ਕਰਨਾ ਪਵੇਗਾ, ਤੇ ਗੁਰਬਾਣੀ ਨੂੰ ਚੰਗੀ ਤਰ੍ਹਾਂ ਸਮਝ ਕੇ ਆਪਣੇ ਜੀਵਨ ਦਾ ਹਿਸਾ ਬਣਾਨਾ ਪਵੇਗਾ।

***ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥*** *(੨੮੮, ੨੮੯)*

## {੨} ਕੀ ਮਾਤਾ ਪਿਤਾ ਇਸ ਦੇ ਖੁਦ ਜ਼ਿੰਮੇਵਾਰ ਹਨ?

ਮਾਤਾ ਪਿਤਾ ਆਪਣੇ ਬੱਚਿਆਂ ਨਾਲ ਜਿਸ ਤਰ੍ਹਾਂ ਗੱਲਬਾਤ ਕਰਦੇ ਹਨ, ਆਪਸ ਵਿਚ ਤੇ ਆਪਣੇ ਤੋਂ ਵੱਡੇ ਤੇ ਛੋਟੇ ਲੋਕਾਂ ਨਾਲ ਕਿਸ ਤਰ੍ਹਾਂ ਵਰਤਾਉ ਕਰਦੇ ਹਨ, ਉਸ ਦਾ ਬੱਚਿਆਂ ਦੇ ਵਿਕਾਸ ਉੱਪਰ ਬਹੁਤ ਡੂੰਘਾ ਅਸਰ ਪੈਂਦਾ ਹੈ। ਜਿਸ ਤਰ੍ਹਾਂ ਆਸੇ ਪਾਸੇ ਦੇ ਲੋਕ ਇਕ ਦੂਸਰੇ ਨਾਲ ਗੱਲਬਾਤ ਕਰਦੇ ਹਨ, ਬੱਚਾਂ ਉਹ ਸਭ ਕੁਝ ਵੇਖਦਾ ਰਹਿੰਦਾ ਹੈ ਤੇ ਉਸੇ ਤਰ੍ਹਾਂ ਹੀ ਬੋਲਣਾ ਤੇ ਚਲਣਾ ਸਿਖ ਜਾਂਦਾ ਹੈ। ਜਿਸ ਤਰ੍ਹਾਂ ਦੇ ਕਰਮ ਮਾਤਾ ਪਿਤਾ ਤੇ ਆਸੇ ਪਾਸੇ ਦੇ ਲੋਕ ਕਰਦੇ ਹਨ, ਬੱਚੇ ਵੀ ਅਜੇਹੇ ਕਰਮ ਕਰਨੇ ਸਿੱਖ ਜਾਂਦੇ ਹਨ।

***ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥*** *(੧੩੪)*

ਅਕਸਰ ਵੇਖਣ ਵਿਚ ਆਂਉਂਦਾ ਹੈ, ਕਿ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਤਿੰਨ ਤਰੀਕਿਆਂ ਨਾਲ ਗੱਲਬਾਤ ਕਰਦੇ ਹਨ: **ਕ੍ਰੋਧੀ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਉੱਚੀ ਉੱਚੀ ਚੀਕ ਕੇ ਗੁਸੇ ਨਾਲ ਬੋਲਦੇ ਰਹਿੰਦੇ ਹਨ ਤੇ ਉਨ੍ਹਾਂ ਨੂੰ ਅਕਸਰ ਮਾਰਦੇ ਰਹਿੰਦੇ ਹਨ।** ਅਜੇਹੇ ਵਾਤਾਵਰਨ ਵਿਚ ਕਈ ਬੱਚੇ ਤਾਂ ਡਰੇ ਤੇ ਸਹਿਮੇ ਰਹਿੰਦੇ ਹਨ, ਕਈ ਘਰੋਂ ਬਾਹਰ ਖੇਡਣਾਂ ਹੀ ਪਸੰਦ ਕਰਦੇ ਹਨ ਤੇ ਕਈ ਵਾਰੀ ਉਹ ਉਲਟਾ ਗੁਸੇ ਵਿਚ ਆ ਕੇ ਜਵਾਬ ਦੇਣਾਂ ਵੀ ਸਿਖ ਜਾਂਦੇ ਹਨ। ਅਜੇਹੇ ਹਾਲਾਤਾਂ ਵਿਚ ਅਕਸਰ ਬੱਚੇ ਮਾਤਾ ਪਿਤਾ ਦਾ ਕਹਿੰਣਾਂ ਮੰਨਣਾ ਬੰਦ ਕਰ ਦਿੰਦੇ ਹਨ, ਤੇ ਬਗਾਵਤੀ ਤਰੀਕਾ ਅਪਨਾ ਲੈਂਦੇ ਹਨ।

***ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥*** *(੯੩੨)*

**ਦੂਸਰੀ ਤਰ੍ਹਾਂ ਦੇ ਮਾਤਾ ਪਿਤਾ ਅਜੇਹੇ ਹਨ, ਜਿਹੜੇ ਆਪਣੇ ਬੱਚਿਆਂ ਨੂੰ ਕੁਝ ਵੀ ਨਹੀਂ ਕਹਿੰਦੇ ਹਨ।** ਅਜੇਹੇ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਬੜੀ ਹੌਲੀ ਹੌਲੀ ਤੇ ਹਮੇਸ਼ਾਂ ਸੁਚੇਤ ਹੋ ਕੇ ਬੋਲਦੇ ਰਹਿੰਦੇ ਹਨ। ਪਰੰਤੂ ਕਈ ਵਾਰੀ ਅਜੇਹੀ ਸਥਿਤੀ ਬਣ ਜਾਂਦੀ ਹੈ ਕਿ ਅਜੇਹੇ ਮਾਤਾ ਪਿਤਾ ਦੇ ਅੰਦਰ ਵੀ ਕ੍ਰੋਧ ਇਕੱਠਾ ਹੁੰਦਾ ਰਹਿੰਦਾ ਹੈ ਤੇ ਇਕੋ ਵਾਰੀ ਬੱਚਿਆਂ ਉੱਪਰ ਭੜਾਸ ਬਣ ਕੇ ਬਾਹਰ ਨਿਕਲ ਜਾਂਦਾ ਹੈ। ਪਰੰਤੂ ਗੁਰਬਾਣੀ ਤਾਂ ਹਰੇਕ ਸਥਿਤੀ ਵਿਚ ਸਿੱਖ ਨੂੰ ਗੁਰਮੁਖਿ ਰਹਿਣ ਲਈ ਸਿਖਿਆ ਦਿੰਦੀ ਹੈ। ਅਜੇਹੇ ਬੱਚੇ ਅਕਸਰ ਜਿਦੀ ਬਣ ਜਾਂਦੇ ਹਨ, ਕੁਝ ਕੁ ਸਮਝਦਾਰ ਵੀ ਬਣ ਜਾਂਦੇ ਹਨ, ਪਰੰਤੂ ਕਈ ਵਾਰੀ ਆਪਣੀ ਜਿਦ ਪੂਰੀ ਕਰਵਾਣ ਲਈ ਢੀਠ ਵੀ ਬਣ ਜਾਂਦੇ ਹਨ।

**ਤੀਸਰੀ ਤਰ੍ਹਾਂ ਦੇ ਮਾਤਾ ਪਿਤਾ ਅਜੇਹੇ ਹਨ, ਜਿਹੜੇ ਕਿ ਸੁਚੇਤ, ਸਵੈ ਭਰੋਸੇ ਤੇ ਪੱਕੇ ਤਰੀਕੇ ਨਾਲ ਗਲਬਾਤ ਕਰਦੇ ਹਨ।** ਅਜੇਹੇ ਤਰੀਕੇ ਨਾਲ ਸਭ ਤਰ੍ਹਾਂ ਦੀ ਉੱਮਰ ਦੇ ਬੱਚਿਆਂ ਨਾਲ ਗਲਬਾਤ ਕੀਤੀ ਜਾ ਸਕਦੀ ਹੈ। ਅਜੇਹੇ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਸਪੱਸ਼ਟ, ਠੀਕ, ਪਿਆਰ, ਭਰੋਸੇ ਤੇ ਵਿਸ਼ਵਾਸ ਨਾਲ ਗਲਬਾਤ ਕਰਦੇ ਹਨ। ਅਜੇਹੇ ਵਾਤਾਵਰਨ ਵਿਚ ਬੱਚਿਆਂ ਦਾ ਵਿਕਾਸ ਚੰਗਾ ਹੁੰਦਾ ਹੈ ਤੇ ਬੱਚਿਆਂ ਨੂੰ ਸਮਝ ਆ ਜਾਂਦੀ ਹੈ, ਕਿ ਉਨ੍ਹਾਂ ਦੇ ਮਾਤਾ ਪਿਤਾ ਕੀ ਚਾਹੁੰਦੇ ਹਨ ਤੇ ਕਿਸ ਤਰ੍ਹਾਂ ਚਾਹੁੰਦੇ ਹਨ। ਆਪਸੀ ਤਾਲਮੇਲ ਕਰਕੇ ਅਜੇਹੇ ਬੱਚੇ ਕਈ ਤਰ੍ਹਾਂ ਦੇ ਹੁਨਰ ਬਚਪਨ ਵਿਚ ਹੀ ਸਿਖ ਜਾਂਦੇ ਹਨ। ਇਸ ਤਰ੍ਹਾਂ ਦਾ ਜੀਵਨ ਤੇ ਸੇਧ ਇਕ ਗੁਰਮੁਖ ਪਰਵਾਰ ਦੇ ਸਕਦਾ ਹੈ, ਜੋ ਸਬਦ ਗੁਰੂ ਦੇ ਪੂਰਨਿਆਂ ਤੇ ਚਲਣ ਵਾਲਾ ਹੋਵੇ ਤੇ ਅਕਾਲ ਪੁਰਖੁ ਤੇ ਭਰੋਸਾ ਰੱਖਣ ਵਾਲਾ ਹੋਵੇ। ਇਸ ਲਈ ਨਾਮੁ ਰੂਪੀ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝਣਾ ਹੈ, ਤੇ ਜੀਵਨ ਵਿਚ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣਾ ਸਿਖਣਾ ਹੈ।

***"ਚੰਗਿਆਈਆ ਬੁਰਿਆਈਆ, ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ, ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ ॥੧॥ (੮)"***

ਆਮ ਤੌਰ ਤੇ ਤਿੰਨ ਮੁੱਖ ਕਾਰਨ ਹਨ, ਜਿਨ੍ਹਾਂ ਕਰਕੇ ਬੱਚੇ ਆਪਣੇ ਮਾਤਾ ਪਿਤਾ ਦਾ ਕਹਿਣਾ ਨਹੀਂ ਮੰਨਦੇ ਹਨ।

- **ਮਾਤਾ ਪਿਤਾ ਬੱਚਿਆਂ ਨੂੰ ਨਹੀਂ ਸੁਣਦੇ ਹਨ**
- **ਮਾਤਾ ਪਿਤਾ ਬੱਚਿਆਂ ਸਾਹਮਣੇ ਝੂਠ ਬੋਲਦੇ ਹਨ**
- **ਅਸੀਂ ਜੋ ਕਹਿੰਦੇ ਹਾਂ ਉਹ ਕਰਦੇ ਨਹੀਂ**

ਇਹੀ ਕਾਰਨ ਹੈ ਕਿ ਅਸੀਂ ਬੱਚਿਆਂ ਦਾ ਵਿਸ਼ਵਾਸ ਖੋ ਬੈਠਦੇ ਹਾਂ। ਇਸ ਲਈ ਕਸੂਰ ਬੱਚਿਆਂ ਦਾ ਨਹੀਂ ਹੈ, ਇਹ ਸਾਡਾ ਆਪਣਾ ਕਸੂਰ ਹੈ। ਇਸ ਲਈ ਜੇਕਰ ਚੰਗੇ ਫਲ ਦੀ ਆਸ ਰੱਖਦੇ ਹਾਂ ਤਾਂ ਬੀਜ ਵੀ ਚੰਗਾ ਹੀ ਬੀਜਣਾ ਪਵੇਗਾ।

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥੨੩॥ (੧੩੭੯)***

ਜਿਨੀ ਦੇਰ ਤਕ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਕਹਿਣਾ ਮੰਨਣਾ ਨਹੀਂ ਸਿਖਾਂਦੇ ਹਨ, ਉਤਨੀ ਦੇਰ ਤਕ ਬੱਚੇ ਵੀ ਕਹਿਣਾ ਮੰਨਣਾਂ ਨਹੀਂ ਸਿਖਦੇ ਹਨ। ਬਹੁਤ ਸਾਰੇ ਮਾਤਾ ਪਿਤਾ ਆਪਣੇ ਬੱਚਿਆਂ ਦੇ ਪਿਛੇ ਪਏ ਰਹਿੰਦੇ ਹਨ। ਬੱਚਿਆਂ ਦੇ ਪਿਛੇ ਪੈ ਕੇ ਜਾਂ ਡਰ ਪੈਦਾ ਕਰਕੇ ਕਹਿਣਾ ਮੰਨਣ ਦੀ ਆਦਤ ਨਹੀਂ ਪਾਣੀ ਹੈ, ਬਲਕਿ ਉਨ੍ਹਾਂ ਨਾਲ ਪਿਆਰ ਪਾ ਕੇ ਸਿਖਿਆ ਦੇਣੀ ਹੈ।

ਕਈ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਕਹਿੰਦੇ ਰਹਿੰਦੇ ਹਨ, ਕਿ ਇਹ ਨਹੀਂ ਕਰਨਾ, ਇਸ ਤਰ੍ਹਾਂ ਨਹੀਂ ਕਰਨਾ, ਇਹ ਕਿਉਂ ਕੀਤਾ? ਅਜੇਹੇ ਸ਼ਬਦਾ ਕਰਕੇ ਬੱਚਾ ਸੋਚਦਾ ਹੈ, ਕਿ ਉਸ ਨੂੰ ਧਮਕਾਇਆ ਜਾ ਰਿਹਾ ਹੈ, ਉਸ ਤੇ ਹਮਲਾ ਕੀਤਾ ਜਾ ਰਿਹਾ ਹੈ, ਉਸ ਦੇ ਸਵੈਭਿਮਾਨ ਤੇ ਚੋਟ ਮਾਰੀ ਜਾ ਰਹੀ ਹੈ। ਬੱਚਾ ਇਸ ਦਾ ਕਾਰਨ ਨਹੀਂ ਸਮਝ ਸਕਦਾ ਹੈ, ਜਿਸ ਕਰਕੇ ਬੱਚਾ ਸੁਣਨਾ ਬੰਦ ਕਰ ਦਿੰਦਾ ਹੈ।

***ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥ (੧੩੮੪)***

**ਕਈ ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਉੱਚੀ ਆਵਾਜ਼ ਵਿਚ ਬੁਲਾਉਂਣ ਦੀ ਆਦਤ ਹੁੰਦੀ ਹੈ।** ਜਿਸ ਕਰਕੇ ਬੱਚਿਆਂ ਦੀ ਵੀ ਆਦਤ ਬਣ ਜਾਂਦੀ ਹੈ, ਕਿ ਉਹ ਉਦੋਂ ਹੀ ਸੁਣਦੇ ਹਨ, ਜਦੋਂ ਉਨ੍ਹਾਂ ਨਾਲ ਉੱਚੀ ਆਵਾਜ਼ ਵਿਚ ਚੀਕ ਕੇ ਬੋਲਿਆ ਜਾਵੇ। ਗੁਰਬਾਣੀ ਤਾਂ ਸਾਨੂੰ ਮਿਠਾ ਬੋਲ ਕੇ ਪਿਆਰ ਪਾਣ ਦੀ ਸਿਖਿਆਂ ਦਿੰਦੀ ਹੈ।

**ਕਈ ਮਾਤਾ ਪਿਤਾ ਸੋਚਦੇ ਹਨ, ਕਿ ਉੱਚੀ ਆਵਾਜ਼ ਵਿਚ ਬੋਲਣ ਨਾਲ ਬੱਚੇ ਠੀਕ ਤਰ੍ਹਾਂ ਸੁਣਦੇ ਹਨ।** ਅਜੇਹੀ ਹਾਲਤ ਵਿਚ ਬੱਚੇ ਇਕੱਲੇ ਰਹਿਣਾਂ ਠੀਕ ਸਮਝਦੇ ਹਨ ਤੇ ਨਾ ਤਾਂ ਕੋਈ ਗੱਲ ਕਰਦੇ ਹਨ ਤੇ ਨਾ ਹੀ ਸੁਣਦੇ ਹਨ। ਕੁਝ ਹਾਲਤਾਂ ਵਿਚ ਉਲਟਾ ਜਵਾਬ ਵੀ ਦੇ ਸਕਦੇ ਹਨ। ਅਜੇਹੀ ਸਥਿਤੀ ਵਿਚ ਬੱਚੇ ਨਾਲ ਹੌਲੀ ਤੇ ਪਿਆਰ ਨਾਲ ਗੱਲ ਕਰਨੀ ਚਾਹੀਦੀ ਹੈ। ਉੱਚੀ ਆਵਾਜ਼ ਵਿਚ ਚੀਕਣ ਨਾਲ ਕੋਈ ਲਾਭ ਨਹੀਂ ਹੋਣਾ ਹੈ।

***ਗੰਢੁ ਪਰੀਤੀ ਮਿਠੇ ਬੋਲ*** *॥ (੧੪੩)*

**ਕਈ ਵਾਰੀ ਜਦੋਂ ਕਿ ਬੱਚਾ ਆਪਣੇ ਕਿਸੇ ਹੋਰ ਕੰਮ ਵਿਚ ਰੁਝਾ ਹੁੰਦਾ ਹੈ ਤਾਂ ਮਾਤਾ ਪਿਤਾ ਬੱਚੇ ਨਾਲ ਗੱਲਾਂ ਕਰਨ ਲਗ ਪੈਂਦੇ ਹਨ ਜਾਂ ਉਸ ਨੂੰ ਕੁਝ ਕਹਿਣ ਲਗ ਪੈਂਦੇ ਹਨ।** ਅਜੇਹੀ ਸਥਿਤੀ ਵਿਚ ਜਾਂ ਤਾਂ ਬੱਚੇ ਦਾ ਧਿਆਨ ਹੀ ਨਹੀਂ ਹੁੰਦਾ ਹੈ ਤੇ ਜਾਂ ਬੱਚਾ ਉਸ ਵੱਲ ਆਪਣੀ ਤਵੋਜੋ ਨਹੀਂ ਦਿੰਦਾ ਹੈ। ਅਜੇਹੀ ਸਥਿਤੀ ਵਿਚ ਬੱਚੇ ਦਾ ਧਿਆਨ ਆਪਣੇ ਵੱਲ ਕੇਂਦਰਿਤ ਕਰਨਾ ਬਹੁਤ ਜਰੂਰੀ ਹੈ। ਬੱਚਿਆਂ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਸਾਂਝ ਪੈਦਾ ਕਰਨੀ ਬਹੁਤ ਸਹਾਇਕ ਹੁੰਦੀ ਹੈ।

**ਜੇਕਰ ਬੱਚੇ ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ, ਤਾਂ ਉਨ੍ਹਾਂ ਨਾਲ ਜਬਰਦਸਤੀ ਨਹੀਂ ਕਰਨੀ ਚਾਹੀਦੀ।** ਰੋਅਬ ਪਾਣ ਵਾਲੇ ਮਾਤਾ ਪਿਤਾ ਵਾਸਤੇ ਕਈ ਵਾਰੀ ਇਹ ਮੁਸ਼ਕਲ ਹੋ ਜਾਂਦਾ ਹੈ। ਕਈ ਵਾਰੀ ਤਾਂ ਬੱਚੇ ਸੁਣ ਲੈਂਦੇ ਹਨ, ਤੇ ਕਈ ਵਾਰੀ ਆਪਸ ਵਿਚ ਟਕਰਾਵ ਵੀ ਹੋ ਜਾਂਦਾ ਹੈ, ਜਿਸ ਕਰਕੇ ਬੱਚੇ ਸੁਣਨਾਂ ਬੰਦ ਕਰ ਦਿੰਦੇ ਹਨ। ਇਸ ਲਈ ਪਹਿਲਾਂ ਸਥਿਤੀ ਨੂੰ ਸਮਝਣਾ ਹੈ ਤੇ ਫਿਰ ਉਸ ਆਨੁਸਾਰ ਕਹਿਣਾ ਜਾਂ ਕਰਨਾ ਚਾਹੀਦਾ ਹੈ।

**ਮਾਤਾ ਪਿਤਾ ਨਾਲ ਰਹਿ ਕੇ ਬੱਚਿਆਂ ਨੂੰ ਵੀ ਪਤਾ ਲਗ ਜਾਂਦਾ ਹੈ ਕਿ ਮਾਤਾ ਪਿਤਾ ਕਿਸ ਤਰ੍ਹਾਂ ਦੀ ਸਥਿਤੀ ਵਿਚ ਕਿਨੀ ਵਾਰੀ ਬੁਲਾਉਂਣਗੇ।** ਜੇਕਰ ਬੱਚਾ ਇਕ ਦੋ ਵਾਰੀ ਕਹਿਣ ਨਾਲ ਨਹੀਂ ਸੁਣਦਾ ਹੈ ਤਾਂ ਵਾਰ ਵਾਰ ਕਹਿੰਣ ਨਾਲ ਕੋਈ ਫਾਇਦਾ

ਨਹੀਂ ਹੋਣਾ ਹੈ। ਇਸ ਲਈ ਆਪਣੇ ਅੰਦਰ ਵੀਚਾਰਨਾ ਹੈ ਕਿ ਇਸ ਦਾ ਕੀ ਕਾਰਨ ਹੈ ਤੇ ਕਿਸ ਤਰ੍ਹਾਂ ਹਲ ਲੱਭਿਆ ਜਾ ਸਕਦਾ ਹੈ। ਜਿਸ ਤਰ੍ਹਾਂ ਅਕਾਲ ਪੁਰਖੁ ਨੂੰ ਪਾਣ ਲਈ ਉਸ ਦੇ ਗੁਣਾਂ ਨਾਲ ਸਾਂਝ ਪਾਣੀ ਹੈ, ਠੀਕ ਉਸੇ ਤਰ੍ਹਾਂ ਬੱਚੇ ਨਾਲ ਪ੍ਰੇਮ ਨਾਲ ਸਾਂਝ ਪਾਣੀ ਹੈ।

**ਮਾਤਾ ਪਿਤਾ ਨੂੰ ਆਪਣੇ ਬੱਚਿਆਂ ਲਈ ਇਕ ਚੰਗਾ ਰੋਲ ਮਾਡਲ ਬਣਨਾ ਚਾਹੀਦਾ ਹੈ**: ਬੱਚੇ ਅਕਸਰ ਆਪਣੇ ਮਾਤਾ ਪਿਤਾ ਦੀ ਨਕਲ ਕਰਦੇ ਹਨ। ਜੇਕਰ ਮਾਤਾ ਪਿਤਾ ਆਪਣੇ ਬੱਚੇ ਦੀ ਗੱਲ ਧਿਆਨ ਨਾਲ ਸੁਣਦੇ ਹਨ ਤਾਂ ਬੱਚੇ ਵੀ ਮਾਤਾ ਪਿਤਾ ਦੀ ਗੱਲਾਂ ਧਿਆਨ ਨਾਲ ਸੁਣਨਾ ਸਿਖ ਜਾਂਦੇ ਹਨ। ਜੇਕਰ ਮਾਤਾ ਪਿਤਾ ਜਦੋਂ ਕਿਸੇ ਦੂਸਰੇ ਨਾਲ ਗੱਲਾਂ ਕਰਨ ਵੇਲੇ ਉਸ ਦੀ ਗੱਲ ਧਿਆਨ ਨਾਲ ਨਹੀਂ ਸੁਣਦੇ ਹਨ ਤਾਂ ਬੱਚੇ ਵੀ ਨਾ ਸੁਣਨ ਵਾਲੀ ਆਦਤ ਸਿਖ ਜਾਂਦੇ ਹਨ। ਆਪਣੇ ਜੀਵਨ ਸਾਥੀ ਨਾਲ ਨਾ ਤਾਂ ਉੱਚੀ ਬੋਲਣਾ ਚਾਹੀਦਾ ਹੈ ਤੇ ਨਾ ਹੀ ਲੜਨਾਂ ਚਾਹੀਦਾ ਹੈ, ਤੇ ਨਾ ਹੀ ਉਸ ਦੀ ਕਹੀ ਗੱਲ ਵੱਲ ਬੇਧਿਆਨੇ ਹੋਣਾ ਚਾਹੀਦਾ ਹੈ। ਬੱਚੇ ਇਹ ਸਭ ਕੁਝ ਵੇਖਦੇ ਰਹਿੰਦੇ ਹਨ ਤੇ ਮਾਤਾ ਪਿਤਾ ਦੀਆਂ ਨਕਲਾਂ ਵੀ ਲਾਂਉਂਦੇ ਰਹਿੰਦੇ ਹਨ। ਇਹ ਸਭ ਕੁਝ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਮਾਤਾ ਪਿਤਾ ਨੂੰ ਪਤਾ ਵੀ ਨਹੀਂ ਲਗਦਾ।

ਜੇਕਰ ਇਹ ਸਭ ਕੁਝ ਕਰਨ ਤੋਂ ਬਾਅਦ ਵੀ ਬੱਚੇ ਆਪਣੇ ਮਾਤਾ ਪਿਤਾ ਨੂੰ ਨਹੀਂ ਸੁਣਦੇ ਹਨ ਤਾਂ ਹੋ ਸਕਦਾ ਹੈ ਕੋਈ ਗੁਝਾ ਅੰਦਰੂਨੀ, ਪਰਿਵਾਰਿਕ ਜਾਂ ਸਰੀਰਕ ਕਾਰਨ ਹੋਵੇ। ਅਜੇਹੀ ਸਥਿਤੀ ਵਿਚ ਕਈ ਵਾਰੀ ਬੱਚੇ ਆਪਣੀ ਮੁਸ਼ਕਲ ਆਪਣੇ ਦੋਸਤਾਂ ਨਾਲ ਸਾਂਝੀ ਕਰ ਲੈਂਦੇ ਹਨ। ਜੇਕਰ ਕੋਈ ਸਰੀਰਕ ਕਾਰਨ, ਬੀਮਾਰੀ ਜਾਂ ਮਾਨਸਿਕ ਕਾਰਨ ਹੋਵੇ ਤਾਂ ਡਾਕਟਰ ਦੀ ਸਲਾਹ ਲੈ ਲੈਂਣੀ ਚਾਹੀਦੀ ਹੈ। ਗੁਰਬਾਣੀ ਤੋਂ ਸਿਖਿਆ ਲੈ ਕੇ ਤੇ ਉਸ ਅਨੁਸਾਰ ਚਲ ਕੇ ਅਸੀਂ ਆਪਣੇ ਬਹੁਤ ਸਾਰੇ ਮਾਨਸਿਕ ਰੋਗ ਤੇ ਤਨਾਵ ਦੂਰ ਹੋ ਸਕਦੇ ਹਨ। ਜਿਸ ਸਦਕਾ ਅਸੀਂ ਤੰਦਰੁਸਤ ਤੇ ਖੁਸ਼ਹਾਲ ਜੀਵਨ ਬਤੀਤ ਕਰ ਸਕਦੇ ਹਾਂ।

*ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ ਰਹਾਉ ॥ (੬੧੮)*

ਇਸ ਲਈ ਜੇਕਰ ਅਸੀਂ ਗੁਰਬਾਣੀ ਨੂੰ ਆਪਣਾ ਸਾਥੀ ਤੇ ਸਹਾਇਕ ਬਣਾ ਲਈਏ ਤਾਂ ਅਸੀਂ ਆਪਣੀਆਂ ਸਾਰੀਆਂ ਮੁਸ਼ਕਲਾਂ ਤੇ ਕਾਬੂ ਪਾ ਸਕਦੇ ਹਾਂ, ਜੀਵਨ ਨੂੰ ਸਹੀ ਦਿਸ਼ਾਂ ਦੇ ਕੇ ਆਪਣਾ ਤੇ ਆਪਣੇ ਬੱਚਿਆਂ ਦਾ ਜੀਵਨ ਖੁਸ਼ਹਾਲ ਬਣਾ ਸਕਦੇ ਹਾਂ।

*ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥ (੬੬੭)*

## {੩} ਅਸੀਂ ਆਪਣੇ ਬੱਚਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਕਿਸ ਤਰ੍ਹਾਂ ਸੁਧਾਰ ਸਕਦੇ ਹਾਂ

ਮਨੁੱਖ ਇਕ ਸਮਾਜਕ ਪ੍ਰਾਣੀ ਹੈ, ਜਿਸ ਕਰਕੇ ਉਹ ਸਮਾਜ ਤੇ ਪਰਿਵਾਰ ਵਿਚ ਇੱਕਠਾ ਰਹਿੰਦਾ ਹੈ। ਪਰਿਵਾਰਕ ਜੀਵਨ ਵਿਚ ਸੁਖ ਤੇ ਸ਼ਾਂਤੀ ਤਾਂ ਹੀ ਆ ਸਕਦੀ ਹੈ ਜੇਕਰ ਸਾਰਾ ਪਰਿਵਾਰ ਆਪਸੀ ਸਾਂਝ ਤੇ ਤਾਲਮੇਲ ਨਾਲ ਰਹਿ ਰਿਹਾ ਹੋਵੇ। ਇਸ ਲਈ ਜਰੂਰੀ ਹੈ ਕਿ ਮਾਤਾ ਪਿਤਾ ਤੇ ਬੱਚੇ ਆਪਸ ਵਿਚ ਠੀਕ ਤਰ੍ਹਾਂ ਗਲਬਾਤ ਕਰਣ ਤੇ ਆਪਸ ਵਿਚ ਇਕ ਦੂਜੇ ਨਾਲ ਪ੍ਰੇਮ ਤੇ ਸਤਿਕਾਰ ਵਾਲਾ ਵਰਤਾਉ ਕਰਣ। ਮਾਤਾ ਪਿਤਾ ਦਾ ਠੀਕ ਤਰ੍ਹਾਂ ਗਲਬਾਤ ਕਰਨ ਨਾਲ ਬੱਚਿਆਂ ਦੇ ਵਿਕਾਸ ਉੱਪਰ ਬਹੁਤ ਡੂੰਘਾ ਅਸਰ ਪੈਂਦਾ ਹੈ। ਮਾਤਾ ਪਿਤਾ ਬੱਚਿਆਂ ਲਈ ਇਕ ਰੋਲ ਮਾਡਲ ਦਾ ਕੰਮ ਕਰਕੇ ਉਨ੍ਹਾਂ ਨੂੰ ਸਫਲ ਜੀਵਨ ਬਤੀਤ ਕਰਨ ਵਿਚ ਸਹਾਇਤਾ ਕਰ ਸਕਦੇ ਹਨ।

*ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥ (੨੮੩)*

ਹੇਠ ਲਿਖੇ ਬਹੁਤ ਸਾਰੇ ਤਰੀਕੇ ਹਨ, ਜਿਨ੍ਹਾਂ ਨਾਲ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਸੁਧਾਰ ਸਕਦੇ ਹਨ, ਜਿਸ ਤਰ੍ਹਾਂ ਕਿ:

- **ਬੱਚੇ ਨੂੰ ਨਾਂ ਲੈਕੇ ਬੁਲਾਉਂਣਾਂ**
- **ਨਹੀਂ ਦੀ ਥਾਂ, ਹਾਂ ਵਾਲੀ ਭਾਸ਼ਾ ਵਰਤਣੀ**
- **ਬੱਚਿਆਂ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਸਾਂਝ ਪੈਦਾ ਕਰਨੀ**
- **ਉੱਚੀ ਆਵਾਜ਼ ਵਿਚ ਨਹੀਂ ਬੋਲਣਾ**
- **ਸਿਧਾ ਮਨਾਹ ਕਰਨ ਦੀ ਬਜਾਏ, ਹੋਰ ਯੋਗ ਤਰੀਕਾ ਵਰਤਣਾ ਤੇ ਸੁਝਾਅ ਦੇਣਾ**
- **ਸਮਝਾਂਣ ਦਾ ਤਰੀਕਾ ਛੋਟਾ ਤੇ ਸਪੱਸ਼ਟ ਹੋਣਾ**
- **ਬੱਚਿਆਂ ਨੂੰ ਪ੍ਰੇਸ਼ਾਨ ਕਰਨਾ ਤੇ ਨਿੰਦਣਾ ਨਹੀਂ, ਆਦਿ**

ਜੇਕਰ ਮਾਤਾ ਪਿਤਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਚੰਗੇ ਬਣਨ ਤਾਂ ਜਰੂਰੀ ਹੈ ਕਿ ਘਰ ਵਿਚ ਵੀ ਉਸੇ ਅਨੁਸਾਰ ਮਹੌਲ ਹੋਵੇ। ਬੱਚੇ ਅਕਸਰ ਆਪਣੇ ਮਾਤਾ ਪਿਤਾ ਦੀ ਨਕਲ ਕਰਦੇ ਹਨ। ਇਸ ਲਈ ਮਾਤਾ ਪਿਤਾ ਨੂੰ ਬੱਚਿਆਂ ਲਈ ਇਕ ਚੰਗਾ ਰੋਲ ਮਾਡਲ ਬਣਨਾ ਚਾਹੀਦਾ ਹੈ। ਜੇਕਰ ਮਾਤਾ ਪਿਤਾ ਆਪਣੇ ਬੱਚਿਆਂ ਦੀ ਗੱਲ ਧਿਆਨ ਨਾਲ ਸੁਣਦੇ ਹਨ ਤਾਂ ਬੱਚੇ ਵੀ ਮਾਤਾ ਪਿਤਾ ਦੀ ਗੱਲਾਂ ਧਿਆਨ ਨਾਲ ਸੁਣਨਾ ਸਿਖ ਜਾਂਦੇ ਹਨ। ਜੇਕਰ ਮਾਤਾ ਪਿਤਾ ਜਦੋਂ ਕਿਸੇ ਦੂਸਰੇ ਨਾਲ ਗੱਲਾਂ ਕਰਨ ਵੇਲੇ, ਉਸ ਦੀ ਗੱਲ ਨਹੀਂ ਸੁਣਦੇ ਹਨ ਤਾਂ ਬੱਚੇ ਵੀ ਨਾ ਸੁਣਨ ਵਾਲੀ ਆਦਤ ਸਿਖ ਜਾਂਦੇ ਹਨ। ਆਪਣੇ ਜੀਵਨ ਸਾਥੀ ਨਾਲ ਨਾ ਤਾਂ ਉੱਚੀ ਬੋਲਣਾ ਚਾਹੀਦਾ ਹੈ ਤੇ ਨਾ ਹੀ ਲੜਨਾਂ ਚਾਹੀਦਾ ਹੈ, ਤੇ ਨਾ ਹੀ ਉਸ ਦੀ ਕਹੀ ਗੱਲ ਵੱਲ ਬੇਧਿਆਨੇ ਹੋਣਾ ਚਾਹੀਦਾ ਹੈ। ਬੱਚੇ ਇਹ ਸਭ ਕੁਝ ਵੇਖਦੇ ਰਹਿੰਦੇ ਹਨ ਤੇ ਮਾਤਾ ਪਿਤਾ ਦੀਆਂ ਨਕਲਾਂ ਵੀ ਲਾਂਉਂਦੇ ਰਹਿੰਦੇ ਹਨ। ਇਹ ਸਭ ਕੁਝ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਮਾਤਾ ਪਿਤਾ ਨੂੰ ਪਤਾ ਵੀ ਨਹੀਂ ਲਗਦਾ। ਨਿਮਰਤਾ ਨਾਲ ਬੋਲਣਾ, ਧੰਨਵਾਦ ਕਰਨਾ, ਝੂਠ ਨਹੀਂ ਬੋਲਣਾ, ਆਏ ਗਏ ਦਾ ਸਵਾਗਤ ਕਰਨਾ, ਵੱਡਿਆਂ ਦੀ ਇਜ਼ਤ ਕਰਨਾ, ਆਦਿ ਸਭ ਕੁਝ ਬੱਚੇ, ਮਾਤਾ ਪਿਤਾ ਭੈਣ ਭਰਾ ਰਿਸ਼ਤੇਦਾਰਾਂ ਤੇ ਆਸੇ ਪਾਸੇ ਦੇ ਲੋਕਾਂ ਵੱਲ ਵੇਖ ਕੇ ਹੀ ਸਿਖਦੇ ਹਨ। ਮਾਤਾ ਪਿਤਾ ਦੇ ਅੰਦਰ ਨਿਮਰਤਾ, ਸ਼ਾਂਤੀ ਤੇ ਦ੍ਰਿੜਤਾ ਹੋਣੀ ਚਾਹੀਦੀ ਹੈ।

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥ (੧੩੮੪)*

ਮਾਤਾ ਪਿਤਾ ਨੂੰ ਬੱਚਿਆਂ ਦੇ ਮਾਨਸਕ ਵਿਕਾਸ ਲਈ ਤੇ ਉਨ੍ਹਾਂ ਦੀ ਸੋਚਣ ਸ਼ਕਤੀ ਵਧਾਉਂਣੀ ਲਈ:

- **ਸੋਚਣ ਸ਼ਕਤੀ ਪੈਦਾ ਕਰਨ ਵਾਲੇ ਸਵਾਲ ਜੁਆਬ ਕਰਨੇ ਚਾਹੀਦੇ ਹਨ**
- **ਬੱਚੇ ਦੀ ਸਮਝ ਤੇ ਸੋਚਣ ਸ਼ਕਤੀ ਬਾਰੇ ਜਾਨਣਾ ਜਰੂਰੀ ਹੈ**
- **ਬੱਚੇ ਨੂੰ ਸਮਝਾਓ ਕਿ ਕੀ ਤੇ ਕਿਸ ਤਰ੍ਹਾਂ ਕਰਨਾ ਹੈ**
- **ਜਰੂਰੀ ਕੰਮ ਹੋਵੇ ਤਾਂ ਬੱਚੇ ਨੂੰ ਪਹਿਲਾਂ ਹੀ ਸੁਚੇਤ ਕਰ ਦੇਣਾ ਚਾਹੀਦਾ ਹੈ**
- **ਜੇਕਰ ਹੁਣ ਸਮਾਂ ਨਹੀਂ ਹੈ ਤਾਂ ਬਾਅਦ ਵਿਚ ਗੱਲਬਾਤ ਕਰਨ ਲਈ ਬੱਚਿਆਂ ਨੂੰ ਸਮਾਂ ਜਰੂਰੀ ਦਿਓ**
- **ਜੇਕਰ ਦੋ ਬੱਚਿਆਂ ਦੀ ਉਮਰ ਵਿਚ ਜਿਆਦਾ ਅੰਤਰ ਹੈ ਤਾਂ ਦੋਵਾਂ ਨੂੰ ਉਚੇਚਾ ਵੱਖਰਾ ਸਮਾਂ ਦਿਓ**
- **ਹਰੇਕ ਛੋਟੀ ਮੋਟੀ ਗੱਲ ਤੇ ਨੁਕਤਾਚੀਨੀ ਨਹੀਂ ਕਰਨੀ**
- **ਬੱਚੇ ਕੋਈ ਰੋਬਟ ਨਹੀਂ ਹਨ, ਜਿਨ੍ਹਾਂ ਨੂੰ ਜਿਸ ਤਰ੍ਹਾਂ ਚਾਹੋ ਕਰਵਾ ਸਕਦੇ ਹਾਂ**
- **ਬੱਚਿਆਂ ਨਾਲ ਵੀ ਉਸੇ ਤਰ੍ਹਾਂ ਗੱਲ ਕਰੋਂ ਜਿਸ ਤਰ੍ਹਾਂ ਦੋਸਤਾਂ ਨਾਲ ਕਰਦੇ ਹੋ**
- **ਬੱਚਿਆਂ ਦੇ ਸਹਾਇਕ ਤੇ ਹੌਸਲਾ ਦੇਣ ਵਾਲੇ ਬਣੋ**
- **ਜਦੋਂ ਬੱਚਾ ਕੋਈ ਗੱਲ ਦੱਸ ਰਿਹਾ ਹੁੰਦਾ ਹੈ ਤਾਂ ਉਸ ਨੂੰ ਟੋਕਣਾ ਨਹੀਂ**
- **ਬੱਚਿਆਂ ਨਾਲ ਰੋਜਾਨਾ ਸਮਾਂ ਕੱਢ ਕੇ ਗੱਲਬਾਤ ਕਰਿਆ ਕਰੋ**

**ਬੱਚਿਆਂ ਨੂੰ ਟੀ.ਵੀ. ਵੇਖਣ ਦਾ ਬਹੁਤ ਸ਼ੌਕ ਹੁੰਦਾ ਹੈ:** ਇਸ ਲਈ ਉਨ੍ਹਾਂ ਵਿਚ ਇਹ ਆਦਤ ਪਾਈ ਜਾ ਸਕਦੀ ਹੈ ਕਿ ਉਹ ਦੰਦ ਸਾਫ ਕਰਨ, ਨਹਾਉਂਣ ਜਾਂ ਤਿਆਰ ਹੋਣ ਤੋਂ ਬਾਅਦ ਹੀ ਵੇਖ ਸਕਦੇ ਹਨ। ਇਸ ਤਰ੍ਹਾਂ ਬੱਚੇ ਸਮੇਂ ਸਿਰ ਸਕੂਲ ਜਾ ਸਕਿਆ ਕਰਨਗੇ। ਬੱਚਿਆਂ ਦੇ ਮਨ ਵਿਚ ਇਹ ਪਾਇਆ ਜਾ ਸਕਦਾ ਹੈ, ਕਿ ਜੇਕਰ ਉਹ ਸਕੂਲ ਸਮੇਂ ਸਿਰ ਜਾਣਗੇ ਤਾਂ ਚੰਗਾ ਗਰੇਡ ਮਿਲੇਗਾ, ਨੰਬਰ ਚੰਗੇ ਆਉਂਗੇ ਤਾਂ ਇਨਾਮ ਵੀ ਮਿਲੇਗਾ। ਜਦੋਂ ਮਾਤਾ ਪਿਤਾ ਕਿਸੇ ਹੋਰ ਕੰਮ ਵਿਚ ਰੁਝੇ ਹੁੰਦੇ ਹਨ, ਤਾਂ ਉਸ ਸਮੇਂ ਬੱਚਿਆਂ ਨੂੰ ਟੀ.ਵੀ. ਵੇਖਣ ਦਾ ਸਮਾਂ ਦਿਤਾ ਜਾ ਸਕਦਾ ਹੈ। ਬੱਚਿਆਂ ਨੂੰ ਟੀ.ਵੀ. ਵੇਖਣ ਦੀ ਆਦਤ ਘਟਾਨ ਲਈ, ਮਾਤਾ ਪਿਤਾ ਨੂੰ ਆਪਣੀ ਟੀ.ਵੀ. ਵੇਖਣ ਦੀ ਆਦਤ ਘਟਾਨੀ ਵੀ ਬਹੁਤ ਜਰੂਰੀ ਹੈ।

*ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥ (੩੮੧)*

**ਗੁਰਦੁਆਰਾ ਸਾਹਿਬ ਬਹੁਤ ਵੱਡਾ ਸਿਖਿਆ ਦਾ ਕੇਂਦਰ ਬਣ ਸਕਦਾ ਹੈ:** ਬੱਚਿਆਂ ਨੂੰ ਅਵਲ ਦਰਜ਼ੇ ਦੀ ਸਿਖਿਆ ਦੇਣ ਲਈ ਗੁਰਦੁਆਰਾ ਸਾਹਿਬ ਬਹੁਤ ਸਹਾਈ ਹੋ ਸਕਦੇ ਹਨ। ਬਿਨਾ ਕਿਸੇ ਉਚੇਚੇ ਉਪਰਾਲੇ ਕਰਨ ਦੇ ਬੱਚੇ ਬਹੁਤ ਸਾਰੀਆਂ ਚੰਗੀਆਂ ਆਦਤਾਂ ਸਿਖ ਸਕਦੇ ਹਨ। ਆਪਸ ਵਿਚ ਕਿਸ ਤਰ੍ਹਾਂ ਮਿਲਵਰਤਨ ਕਰਨਾ, ਲੰਗਰ ਬਣਾਨਾ ਤੇ ਵਰਤਾਣਾ, ਦਰਬਾਰ ਹਾਲ ਵਿਚ ਕਿਸ ਤਰ੍ਹਾਂ ਬੈਠਣਾਂ, ਗੁਰਬਾਣੀ ਸੁਣਨੀ ਤੇ ਗਾਇਨ ਕਰਨੀ, ਇਕ ਦੂਜੇ ਦੀ ਸਹਾਇਤਾ ਕਰਨੀ, ਆਦਿ।

**ਕੋਈ ਬੱਚਾ ਵੀ ਵਿਹਲਾ ਨਹੀਂ ਰਹਿੰਣਾ ਚਾਹੁੰਦਾ:** ਛੋਟੇ ਬੱਚੇ ਵੱਡੇ ਬੱਚਿਆਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਵੱਡੇ ਬੱਚੇ ਬਜ਼ੁਰਗਾਂ ਜਾਂ ਵੱਡਿਆਂ ਤੋਂ ਚੰਗੇ ਗੁਣ ਸਿਖ ਸਕਦੇ ਹਨ। ਇਸ ਤਰ੍ਹਾਂ ਇਹ ਲੜੀ ਕਾਇਮ ਕੀਤੀ ਜਾ ਸਕਦੀ ਹੈ। ਜਦੋਂ ਬੱਚਾ ਗੁਰਦੁਆਰਾ ਸਾਹਿਬ ਵਿਚੋਂ ਚੰਗੇ ਗੁਣ ਸਿਖ ਕੇ ਆਵੇਗਾ ਤਾਂ ਉਹ ਆਪਣੇ ਜੀਵਨ ਵਿਚ ਵੀ ਲਾਗੂ ਕਰਨ ਦੀ ਕੋਸ਼ਿਸ਼ ਕਰੇਗਾ। ਅਜੇਹੀਆਂ ਸਿਖਿਆਵਾਂ ਨਾਲ ਬੱਚਾ ਆਪਣੇ ਘਰ ਵਿਚ, ਰਸੋਈ, ਬੈਠਕ, ਸੌਣ ਵਾਲਾ ਕਮਰਾ, ਤੇ ਹੋਰ ਆਸੇ ਪਾਸੇ ਦੀਆਂ ਚੀਜ਼ਾਂ ਸਾਫ ਸੁਥਰੀਆਂ ਰੱਖਣੀਆਂ ਸਿਖ ਜਾਂਦਾ ਹੈ।

**ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਵਿਚ ਸੁਧਾਰ ਦੀ ਲੋੜ:** ਜਿਆਦਾਤਰ ਗੁਰਦੁਆਰਾ ਸਾਹਿਬਾਂ ਦੇ ਪ੍ਰੋਗਰਾਮਾਂ ਬਾਰੇ ਵੇਖਿਆ ਜਾਵੇ ਤਾਂ ਸਾਰਿਆਂ ਵਾਸਤੇ ਉਹੀ ਪ੍ਰੋਗਰਾਮ ਹੁੰਦਾ ਹੈ, ਭਾਂਵੇ ਕੋਈ ੫ ਸਾਲ ਤੋਂ ਘਟ ਦਾ ਹੋਵੇ, ੫ ਤੋਂ ੧੦ ਸਾਲ ਦਾ, ੧੦ ਤੋਂ ੨੦ ਸਾਲ ਦਾ, ੨੦ ਤੋਂ ੪੦ ਸਾਲ ਦਾ, ੪੦ ਤੋਂ ੬੦ ਸਾਲ ਦਾ, ਜਾਂ ੬੦ ਸਾਲ ਤੋਂ ਉੱਪਰ ਦਾ ਹੋਵੇ। ਜਦੋਂ ਕਿ ਹਰੇਕ ਉੱਮਰ ਦੇ ਬੱਚੇ, ਨੌਜਵਾਨ ਜਾਂ ਬਜ਼ੁਰਗ ਦੀ ਸੋਚ, ਲੋੜ ਤੇ ਸਮਝਣ ਦਾ ਸਤੱਰ ਤੇ ਤਰੀਕਾ ਅਲੱਗ ਅਲੱਗ ਹੁੰਦਾ ਹੈ। ਇਸ ਲਈ ਉੱਮਰ ਅਨੁਸਾਰ ਹਰੇਕ ਗਰੁਪ ਲਈ ਗੁਰਦੁਆਰਾ ਸਾਹਿਬਾਂ ਵਿਚ ਵੱਖਰਾ ਵੱਖਰਾ ਪ੍ਰੋਗਰਾਮ ਹੋਣ ਚਾਹੀਦਾ ਹੈ। ਗੁਰੂ ਗਰੰਥ ਸਾਹਿਬ ਦੀ ਸਹਾਇਤਾ ਨਾਲ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਕਿਸ ਤਰ੍ਹਾਂ ਜਾਣਕਾਰੀ ਹਾਸਲ ਕਰ ਸਕਦੇ ਹਾਂ, ਇਨ੍ਹਾਂ ਵਿਸ਼ਿਆਂ ਉੱਪਰ ਉਚੇਚੇ ਤੌਰ ਤੇ ਗੁਰਮਤਿ ਵੀਚਾਰਾਂ ਤੇ ਵੀਚਾਰ ਵਟਾਂਦਰੇ ਹੋਣੇ ਚਾਹੀਦੇ ਹਨ।

ਗੁਰਦੁਆਰਾ ਸਾਹਿਬਾਂ ਵਿਚ ਗੁਰਮਤਿ ਤੇ ਆਮ ਸਿਖਿਆ ਸਬੰਧੀ ਛੋਟੀਆਂ ਜਾਂ ਮੱਧਮ ਸਮੇਂ ਵਾਲੀਆਂ ਪਿਕਚਰਾਂ ਜਾਂ ਨਾਟਕ ਵਿਖਾਏ ਜਾ ਸਕਦੇ ਹਨ। ਘਰਾਂ ਵਿਚ, ਆਵਾਜਾਈ ਵਿਚ, ਸਕੂਲਾਂ ਵਿਚ, ਦਫਤਰਾਂ ਵਿਚ ਤੇ ਫੈਕਟਰੀਆਂ ਵਿਚ, ਕਿਸ ਤਰ੍ਹਾਂ ਖਤਰਿਆਂ ਤੋ ਬਚਣਾ ਹੈ, ਉਸ ਸਬੰਧੀ ਫਿਲਮਾਂ ਵਿਖਾਈਆਂ ਜਾ ਸਕਦੀਆਂ ਹਨ। ਦੁਨਿਆਵੀ ਸਿਖਿਆ ਤੇ ਬੱਚਿਆਂ ਦੀਆਂ ਕਲਾਸਾਂ ਦੇ ਸਲੇਬਸ ਨਾਲ ਸਬੰਧਤ ਪ੍ਰੋਗਰਾਮ ਵਿਖਾਏ ਜਾ ਸਕਦੇ ਹਨ। ਗੁਰਦੁਆਰਾ ਸਾਹਿਬਾਂ ਵਿਚ ਇਕ ਲਾਇਬਰੇਰੀ ਹੋਣੀ ਚਾਹੀਦੀ ਹੈ, ਜਿਸ ਵਿਚ ਚੰਗੀਆਂ ਕਿਤਾਬਾਂ, ਸੀਡੀਆਂ, ਬੋਲਣ ਤੇ ਵੇਖਣ ਵਾਲੇ ਸਿਖਿਆ ਦੇ ਪ੍ਰਗਰਾਮ ਹੋਣੇ ਚਾਹੀਦੇ ਹਨ। ਸਮੇਂ ਸਮੇਂ ਤੇ ਇਨ੍ਹਾਂ ਦੀ ਜਾਣਕਾਰੀ ਆਪਸ ਵਿਚ ਸਾਂਝੀ ਕਰਨੀ ਚਾਹੀਦੀ ਹੈ।

ਅੱਜਕਲ ਦੇ ਸਮੇਂ ਵਿਚ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਇਕ ਚੰਗੇ ਸਿੱਖ ਤੇ ਚੰਗੇ ਨਾਗਰਿਕ ਬਣਾਣਾ ਚਾਹੁੰਦੇ ਹਾਂ, ਤਾਂ ਸਾਨੂੰ ਗੁਰਬਾਣੀ ਨੂੰ ਰਵਾਇਤੀ ਤੌਰ ਤੇ ਪੜ੍ਹਨਾਂ ਬੰਦ ਕਰਨਾ ਪਵੇਗਾ, ਤੇ ਗੁਰਬਾਣੀ ਨੂੰ ਚੰਗੀ ਤਰ੍ਹਾਂ ਸਮਝ ਕੇ ਆਪਣੇ ਜੀਵਨ ਦਾ ਹਿਸਾ ਬਣਾਣਾ ਪਵੇਗਾ।

*ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥ (੨੮੮, ੨੮੯)*

## {੪} ਬੱਚਿਆਂ ਨਾਲ ਕਿਸ ਤਰ੍ਹਾਂ ਗੱਲਬਾਤ ਕਰਨੀ ਚਾਹੀਦੀ ਹੈ

ਹਰੇਕ ਇਨਸਾਨ ਦੀ ਇਛਾਂ ਹੁੰਦੀ ਹੈ ਕਿ ਦੂਸਰੇ ਉਸ ਨੂੰ ਸੁਣਨ, ਸਮਝਣ ਤੇ ਉਸ ਦੀ ਪ੍ਰਸੰਸਾ ਕਰਨ। ਇਸੇ ਤਰ੍ਹਾਂ ਹਰੇਕ ਬੱਚੇ ਦੀ ਵੀ ਇਛਾਂ ਹੁੰਦੀ ਹੈ ਕਿ ਉਸ ਦੇ ਮਾਤਾ ਪਿਤਾ ਅਤੇ ਦੂਸਰੇ ਲੋਕ ਉਸ ਨੂੰ ਸੁਣਨ ਤੇ ਉਸ ਦੀ ਪ੍ਰਸੰਸਾ ਕਰਨ। ਜਦੋਂ ਬੱਚਾ ਛੋਟਾ ਹੁੰਦਾ ਹੈ ਤਾਂ ਮਾਤਾ ਪਿਤਾ ਉਸ ਦੀ ਹਰੇਕ ਗੱਲ ਨੂੰ ਜਾਂ ਈਨ ਨੂੰ ਪੂਰਾ ਕਰਨ ਦਾ ਯਤਨ ਕਰਦੇ ਹਨ। ਬੱਚਾ ਥੋੜਾ ਵੱਡਾ ਹੁੰਦਾ ਹੈ ਤਾਂ ਮਾਤਾ ਪਿਤਾ ਉਸ ਦੇ ਦੋਸਤ ਵੀ ਬਣਦੇ ਹਨ। ਪਰੰਤੂ ਬੱਚੇ ਦੀ ਹਰੇਕ ਖਾਹਿਸ਼ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਪੁਰਾਣੀ ਬਚਪਨ ਦੀ ਆਦਤ ਕਰਕੇ ਉਹ ਜਿਦ ਵੀ ਕਰਦਾ ਹੈ। ਅਜੇਹੀ ਸਥਿਤੀ ਵਿਚ ਸਖਤੀ ਵੀ ਕੰਮ ਨਹੀਂ ਕਰਦੀ ਤੇ ਕਈ ਵਾਰੀ ਸਮਝਾਣਾ ਵੀ ਮੁਸ਼ਕਲ ਹੋ ਜਾਂਦਾ ਹੈ। ਬੱਚੇ ਦੀ ਬੁਧੀ ਦਾ ਵਿਕਾਸ ਉਮਰ ਦੇ ਨਾਲ ਹੌਲੀ ਹੌਲੀ ਹੁੰਦਾ ਹੈ, ਇਸ ਲਈ ਬੱਚਿਆਂ ਨਾਲ ਸਬੰਧ ਬਣਾਣ ਲਈ ਤੇ ਉਨ੍ਹਾਂ ਦੇ ਜੀਵਨ ਦੇ ਵਿਕਾਸ ਲਈ ਨਿਰੰਤਰ ਉਪਰਾਲੇ ਕਰਦੇ ਰਹਿਣਾ ਹੈ।

*ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ ॥ (੧੧੦੯)*

**ਬੱਚੇ ਆਪਣੀਆਂ ਭਾਵਨਾਵਾਂ ਤੇ ਕਾਬੂ ਨਹੀਂ ਰਖ ਸਕਦੇ ਹਨ:** ਇਸ ਲਈ ਜਦੋਂ ਬੱਚੇ ਆਪਣੀ ਇਛਾਂ ਕਿਸੇ ਦੂਸਰੇ ਨੂੰ ਨਾ ਦੱਸ ਸਕਣ, ਜਾਂ ਉਸ ਨੂੰ ਠੀਕ ਤਰ੍ਹਾਂ ਨਾ ਸਮਝਾ ਸਕਣ, ਤਾਂ ਅਕਸਰ ਬੱਚੇ ਚਿੜਚਿੜੇ ਹੋ ਜਾਂਦੇ ਹਨ। ਅਜੇਹੀ ਸਥਿਤੀ ਵਿਚ ਬੱਚੇ ਨੂੰ ਚੁਪ ਕਰਨ ਲਈ ਜਾਂ ਰੋਣਾ ਬੰਦ ਕਰਨ ਲਈ ਕਹਿਣ ਨਾਲ ਕੋਈ ਲਾਭ ਨਹੀਂ ਹੁੰਦਾ। ਬਲਕਿ ਬੱਚੇ ਨੂੰ ਆਪਣੀ ਗੱਲ ਕਰਨ ਵਿਚ ਤੇ ਉਸ ਨੂੰ ਆਪਣੀ ਭਾਵਨਾਂ ਦੱਸਣ ਲਈ ਸਹਾਇਤਾ ਕਰਨੀ ਚਾਹੀਦੀ ਹੈ। ਬੱਚਿਆਂ ਦੀਆਂ ਭਾਵਨਾਂਵਾਂ ਜਾਂ ਆਮ ਮਨੁੱਖ ਦੀ ਭਾਵਨਾਂ ਨੂੰ ਜਾਨਣ ਲਈ ਸਾਨੂੰ ਗੁਰੂ ਦੇ ਦਰ ਤੇ ਆਉਂਣਾ ਪਵੇਗਾ, ਗੁਰੂ ਦੀ ਮਤ ਅਪਨਾਣੀ ਪਵੇਗੀ।

*ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥ (੯੨੨)*

ਪ੍ਰੇਮ ਤੇ ਸਰਬੱਤ ਦੇ ਭਲੇ ਵਿਚ ਉਹੀ ਮਨੁੱਖ ਪੂਰਾ ਉੱਤਰ ਸਕਦਾ ਹੈ, ਜਿਹੜਾ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝ ਲੈਂਦਾ ਹੈ ਤੇ ਉਸ ਦੀ ਰਜ਼ਾ ਵਿਚ ਰਹਿਣਾ ਕਬੂਲ ਕਰ ਲੈਂਦਾ ਹੈ। ਅਸਲੀ ਮਨੁੱਖ ਉਹੀ ਹੈ, ਜੋ ਕਿ ਸਾਰਿਆ ਵਿੱਚ, ਉਸ ਅਕਾਲ ਪੁਰਖੁ ਨੂੰ ਵਸਦਾ ਵੇਖਦਾ ਹੈ, ਕਿਉਂਕਿ ਅਜੇਹਾ ਮਨੁੱਖ ਹੀ ਉਸ ਅਕਾਲ ਪੁਰਖੁ ਦੇ ਭੇਦ ਨੂੰ ਸਮਝਣ ਦੀ ਦਿਸ਼ਾ ਵਲ ਜਾ ਸਕਦਾ ਹੈ।

***ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥ (੧੩੫੦)***

- **ਮਾਤਾ ਪਿਤਾ ਨੂੰ ਬੱਚਿਆਂ ਨਾਲ ਗੱਲਬਾਤ ਕਰਨ ਲਈ ਉਚੇਚਾ ਸਮਾਂ ਕੱਢਣਾ ਚਾਹੀਦਾ ਹੈ**
- **ਮਾਤਾ ਪਿਤਾ ਨੂੰ ਬੱਚਿਆਂ ਨਾਲ ਸੋਚ ਵਿਚਾਰ ਕੇ ਧਿਆਨ ਨਾਲ ਗੱਲਬਾਤ ਕਰਨੀ ਚਾਹੀਦੀ ਹੈ**
- **ਬੱਚਿਆਂ ਨੂੰ ਪ੍ਰੇਸ਼ਾਨ ਕਰਨਾ ਤੇ ਨਿੰਦਣਾ ਨਹੀਂ**
- **ਮਾਤਾ ਪਿਤਾ ਦੇ ਅੰਦਰ ਨਿਮਰਤਾ, ਸ਼ਾਂਤੀ ਤੇ ਦ੍ਰਿੜਤਾ ਹੋਣੀ ਚਾਹੀਦੀ ਹੈ**
- **ਜੇਕਰ ਕੋਈ ਪੱਕਾ ਫੈਸਲਾ ਕੀਤਾ ਗਿਆ ਹੈ ਤਾਂ ਉਸ ਤੇ ਦ੍ਰਿੜ ਰਹਿਣਾ ਚਾਹੀਦਾ ਹੈ**
- **ਦੂਰੋਂ ਆਵਾਜ਼ ਮਾਰਨ ਦੀ ਬਜਾਏ ਬੱਚਿਆਂ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਸਾਂਝ ਪੈਦਾ ਕਰਨੀ ਚਾਹੀਦੀ ਹੈ**
- **ਬੱਚੇ ਦੇ ਨੁਕਸ ਕੱਢਣ ਦੀ ਬਜਾਏ, ਬੱਚੇ ਨੂੰ ਕੰਮ ਕਰਨ ਲਈ ਤੇ ਸਾਂਝ ਪੈਦਾ ਕਰਨ ਲਈ ਉਤਸ਼ਾਹਤ ਕਰੋ**
- **ਅਕਸਰ ਬੱਚਿਆ ਨੂੰ ਲਿਖਣ ਦਾ ਤੇ ਲੇਬਲ ਲਗਾਣ ਦਾ ਕੰਮ ਚੰਗਾ ਲਗਦਾ ਹੈ, ਅਜੇਹੇ ਕੰਮ ਵਿਚ ਬੱਚਿਆ ਦਾ ਸਾਥ ਲੈਣਾਂ ਚਾਹੀਦਾ ਹੈ, ਤਾਂ ਜੋ ਬੱਚਿਆ ਨਾਲ ਦੋਸਤੀ ਤੇ ਪਿਆਰ ਕਾਇਮ ਕੀਤਾ ਜਾ ਸਕੇ**

ਆਪਣੇ ਅੰਦਰ ਤੇ ਬੱਚਿਆਂ ਦੇ ਅੰਦਰ ਉੱਚਾ ਆਚਰਨ ਤੇ ਚੰਗੇ ਗੁਣ ਪੈਦਾ ਕਰਨ ਲਈ, ਗੁਰੂ ਦੇ ਕਹੇ ਅਨੁਸਾਰ, ਉਸ ਅਕਾਲ ਪੁਰਖੁ ਨੂੰ ਗੁਰਬਾਣੀ ਦੁਆਰਾ ਚੇਤੇ ਕਰਦੇ ਰਹੋ। ਗੁਰੂ ਦੇ ਉਪਦੇਸ਼ ਅਨੁਸਾਰ ਚਲ ਕੇ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਦੇ ਰਹੋ ਤੇ ਗੁਰੂ ਦੀ ਖੁਸ਼ੀਆਂ ਪ੍ਰਾਪਤ ਕਰਦੇ ਰਹੋ। ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣ ਦਾ ਨਤੀਜਾ ਇਹ ਹੋਵੇਗਾ ਕਿ ਅਸੀਂ ਸਦਾ ਆਤਮਕ ਆਨੰਦ ਮਾਣਦੇ ਰਹਿ ਸਕਦੇ ਹਾਂ। ਜੇਕਰ ਗੁਰ-ਸ਼ਬਦ ਦੀ ਬਰਕਤ ਨਾਲ ਆਪਣੇ ਹਿਰਦੇ-ਘਰ ਵਿਚ ਅਡੋਲ ਟਿਕੇ ਰਹੋਗੇ, ਤਾਂ ਭਟਕਣਾ ਮੁੱਕ ਜਾਏਗੀ ਤੇ ਅਕਾਲ ਪੁਰਖੁ ਨੂੰ ਆਪਣੇ ਅੰਦਰੋਂ ਹੀ ਲੱਭ ਸਕੋਗੇ। ਆਪਣੇ ਜੀਵਨ ਨੂੰ ਵਿਕਾਰਾਂ ਤੋਂ ਬਚਾਣ ਲਈ, ਆਪਣੇ ਮਨ ਵਿਚ ਕਦੇ ਵੀ ਕਿਸੇ ਦਾ ਬੁਰਾ ਨਾ ਸੋਚੋ, ਕਦੇ ਵੀ ਮਨ ਵਿਚ ਅਜੇਹੀ ਇੱਛਾ ਪੈਦਾ ਨਾ ਹੋਣ ਦਿਓ, ਜਿਸ ਨਾਲ ਕਿਸੇ ਦਾ ਨੁਕਸਾਨ ਹੋਵੇ। ਇਸ ਦਾ ਨਤੀਜਾ ਇਹ ਹੋਵੇਗਾ ਕਿ ਤੁਹਾਨੂੰ ਵੀ ਕੋਈ ਦੁਖ ਨਹੀਂ ਲਗ ਸਕੇਗਾ। ਜਿਸ ਮਨੁੱਖ ਨੂੰ ਗੁਰੂ ਨੇ ਅਕਾਲ ਪੁਰਖੁ ਦਾ ਨਾਮੁ ਹੀ, ਟੂਣੇ ਜਾਂ ਮੰਤਰ ਦੇ ਤੌਰ ਤੇ ਦਿੱਤਾ, ਉਹ ਮਨੁੱਖ ਗੁਰੂ ਦੇ ਸ਼ਬਦ ਦੁਆਰਾ ਆਪਣੇ ਅੰਦਰ ਅਕਾਲ ਪੁਰਖੁ ਦੇ ਨਾਮੁ ਤੋਂ ਪੈਦਾ ਹੋਇਆ ਆਤਮਕ ਆਨੰਦ ਹਰ ਵੇਲੇ ਪਛਾਣਦਾ ਤੇ ਮਾਣਦਾ ਰਹਿੰਦਾ ਹੈ।

***ਆਸਾ ਮਹਲਾ ੫ ॥ ਜਾ ਕੈ ਸਿਮਰਨਿ ਸੁਖ ਨਿਵਾਸੁ ॥ ਭਈ ਕਲਿਆਣ ਦੁਖ ਹੋਵਤ ਨਾਸੁ ॥੧॥ ਅਨਦੁ ਕਰਹੁ ਪ੍ਰਭ ਕੇ ਗੁਨ ਗਾਵਹੁ ॥ ਸਤਿਗੁਰੁ ਅਪਨਾ ਸਦ ਸਦਾ ਮਨਾਵਹੁ ॥੧॥ ਰਹਾਉ ॥ ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥ ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥੨॥ ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥ ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਹਾ ॥ ਇਹੁ ਸੁਖੁ ਨਾਨਕ ਅਨਦਿਨੁ ਚੀਨ੍ਹਾ ॥੪॥੧੧॥੬੨॥ (੩੮੬)***

## {੫} ਬੱਚਿਆਂ ਨੂੰ ਕਹਿਣਾ ਮੰਨਣ ਲਈ ਤੇ ਅਨੁਸ਼ਾਸਨ ਕਿਸ ਤਰ੍ਹਾਂ ਸਿਖਾਇਆ ਜਾ ਸਕਦਾ ਹੈ?

ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਮਾਤਾ ਪਿਤਾ ਬੱਚੇ ਨੂੰ ਅਨੁਸ਼ਾਸਨ ਸਿਖਾਣ ਲਈ, ਜਾਣੇ ਅਨਜਾਣੇ ਵਿਚ ਕਈ ਵਾਰੀ ਉਲਟਾ ਵਿਗਾੜ ਲੈਂਦੇ ਹਨ। ਉਸ ਦਾ ਕਾਰਨ, ਉਨ੍ਹਾਂ ਦੀ ਆਪਣੀ ਸਕਸ਼ੀਅਤ ਤੇ ਉਨ੍ਹਾਂ ਦਾ ਆਪਣਾ ਅਨੁਸ਼ਾਸਨ ਸਿਖਾਣ ਦਾ ਤਰੀਕਾ ਹੀ ਹੁੰਦਾ ਹੈ। ਬੱਚੇ ਨੂੰ ਅਨੁਸ਼ਾਸਨ ਸਿਖਾਣ ਵਿਚ ਤੇ ਉਲਟਾ ਵਿਗਾੜਨ ਵਿਚ, ਮਾਤਾ ਪਿਤਾ ਦੀ ਆਪਣੀ ਸਕਸ਼ੀਅਤ ਤੇ ਉਨ੍ਹਾਂ ਦਾ ਗੱਲਬਾਤ ਕਰਨ ਦਾ ਤਰੀਕਾ ਬਹੁਤ ਅਹਿਮ ਭਾਗ ਅਦਾ ਕਰਦਾ ਹੈ।

- **ਰੋਅਬ ਪਾਣ ਵਾਲੇ ਤੇ ਜਿਆਦਾ ਅਨੁਸ਼ਾਸਨ ਵਾਲੇ ਮਾਤਾ ਪਿਤਾ ਅਕਸਰ ਬੱਚੇ ਉੱਪਰ ਆਪਣਾ ਹੁਕਮ ਚਲਾਦੇ ਰਹਿੰਦੇ ਹਨ,** ਨੁਕਸ ਕੱਢਦੇ ਰਹਿੰਦੇ ਹਨ, ਤੇ ਤਰ੍ਹਾਂ ਤਰ੍ਹਾਂ ਦੇ ਕੰਮ ਕਰਨ ਨੂੰ ਕਹਿੰਦੇ ਰਹਿੰਦੇ ਹਨ।
- **ਦੂਸਰੀ ਤਰ੍ਹਾਂ ਦੇ ਮਾਤਾ ਪਿਤਾ ਉਹ ਹੁੰਦੇ ਹਨ, ਜਿਹੜੇ ਆਪਣੇ ਬੱਚੇ ਨੂੰ ਪੁਚਕਾਰਦੇ ਰਹਿੰਦੇ ਹਨ ਤੇ ਸਦਾ ਖੁਸ਼ ਰੱਖਣਾ ਪਸੰਦ ਕਰਦੇ ਹਨ।** ਉਹ ਵੀ ਆਪਣੇ ਆਪ ਨੂੰ ਅਸਹਾਇ ਮਹਿਸੂਸ ਕਰਦੇ ਹਨ, ਜਦੋਂ ਕਿ ਬੱਚਾ ਸਾਫ ਨਾਹ ਕਰ ਦਿੰਦਾ ਹੈ। ਅਜੇਹੇ ਮਾਤਾ ਪਿਤਾ ਬੱਚੇ ਨੂੰ ਬਿਨਾ ਕੁਝ ਕਹੇ, ਉਸ ਦਾ ਕੰਮ ਆਪ ਹੀ ਕਰ ਦਿੰਦੇ ਹਨ।

- **ਤੀਸਰੀ ਤਰ੍ਹਾਂ ਦੇ ਮਾਤਾ ਪਿਤਾ ਉਹ ਹੁੰਦੇ ਹਨ, ਜਿਨ੍ਹਾਂ ਨੂੰ ਆਪਣੇ ਆਪ ਬਾਰੇ ਪਤਾ ਹੁੰਦਾ ਹੈ ਤੇ ਇਹ ਵੀ ਸਮਝਦੇ ਹਨ ਕਿ ਉਨ੍ਹਾਂ ਦੇ ਵਤੀਰੇ ਤੇ ਸਕਸ਼ੀਅਤ ਦਾ ਬੱਚੇ ਉੱਪਰ ਕੀ ਅਸਰ ਪੈਂਦਾ ਹੈ।** ਅਜੇਹੇ ਮਾਤਾ ਪਿਤਾ ਬੱਚੇ ਸਬੰਧੀ ਆਪਣਾ ਵਤੀਰਾ ਲੋੜ ਅਨੁਸਾਰ ਬਦਲਦੇ ਰਹਿੰਦੇ ਹਨ, ਜਿਸ ਸਦਕਾ ਉਹ ਬੱਚੇ ਨਾਲ ਠੀਕ ਤੇ ਅਸਰਦਾਰ ਤਰੀਕੇ ਨਾਲ ਗੱਲਬਾਤ ਕਰ ਸਕਦੇ ਹਨ।

**ਬੱਚੇ ਨੂੰ ਅਨੁਸ਼ਾਸਨ ਸਿਖਾਣ ਲਈ ਕਈ ਵਾਰੀ ਮਾਤਾ ਪਿਤਾ ਜਾਣੇ ਅਨਜਾਣੇ ਵਿਚ ਕਈ ਗਲਤੀਆਂ ਕਰ ਲੈਂਦੇ ਹਨ, ਜਿਸ ਨਾਲ ਉਹ ਬੱਚੇ ਨੂੰ ਉਲਟਾ ਵਿਗਾੜ ਲੈਂਦੇ ਹਨ। ਕੁਝ ਖਾਸ ਕਾਰਨ ਅਜੇਹੇ ਹਨ ਵੀ ਜਿਨ੍ਹਾਂ ਕਰਕੇ ਬੱਚੇ ਮਾਤਾ ਪਿਤਾ ਦਾ ਕਹਿਣਾ ਨਹੀਂ ਮੰਨਦੇ ਹਨ। ਜਿਸ ਤਰ੍ਹਾਂ ਕਿ:**

- **ਬੱਚਿਆਂ ਦਾ ਆਪਣੀਆਂ ਚੀਜ਼ਾਂ ਨਾਲ ਲਗਾਵ ਤੇ ਦੂਸਰਿਆਂ ਕੋਲੋਂ ਪ੍ਰਸ਼ੰਸਾ ਤੇ ਮਹੱਤਤਾ ਲੈਣ ਦੀ ਖਾਹਿਸ਼**
- **ਬੱਚਿਆਂ ਲਈ ਸਮਾਂ ਕੱਢਣ ਤੇ ਧਿਆਨ ਦੇਣ ਦੀ ਲੋੜ**
- **ਬੱਚਿਆਂ ਨੂੰ ਆਪਣਾ ਕੰਮ ਆਪ ਕਰਨ ਦੀ ਆਜਾਦੀ ਲਈ ਖਾਹਿਸ਼**
- **ਬੱਚੇ ਨੂੰ ਅਜੇਹੀਆਂ ਅੰਤਿਮ ਚਿਤਾਵਨੀਆਂ ਦੇਣ ਤੋਂ ਸੰਕੋਚ ਕਰਨਾ ਚਾਹੀਦਾ ਹੈ, ਜਿਨ੍ਹਾਂ ਤੇ ਅਮਲ ਨਹੀਂ ਕੀਤਾ ਜਾ ਸਕਦਾ**
- **ਬੱਚੇ ਦੀ ਤਸੱਲੀ ਕਰਾਣ ਲਈ ਜਾਂ ਸਮਝਾਣ ਲਈ ਮਾਤਾ ਪਿਤਾ ਨੂੰ ਬੱਚੇ ਨਾਲ ਝੂਠ ਨਹੀਂ ਬੋਲਣਾ ਚਾਹੀਦਾ**
- **ਬੱਚੇ ਨੂੰ ਵਾਰ ਵਾਰ ਚਿਤਾਵਨੀ ਦੇਣ ਤੋਂ ਸੰਕੋਚ ਕਰਨਾ ਚਾਹੀਦਾ ਹੈ**
- **ਬੱਚੇ ਨੂੰ ਸਜਾ ਦੇਣ ਸਬੰਧੀ ਮਾਤਾ ਪਿਤਾ ਦੇ ਆਪਸ ਵਿਚ ਮਤਭੇਦ ਨਹੀਂ ਹੋਣੇ ਚਾਹੀਦੇ ਹਨ**
- **ਬੱਚੇ ਨੂੰ ਕਹਿਣਾ ਮਨਾਉਂਣ ਲਈ ਵਾਰ ਵਾਰ ਮਿਠਾਈ, ਖਿਲੌਣੇ ਜਾਂ ਕਿਸੇ ਹੋਰ ਚੀਜ ਦਾ ਲਾਲਚ ਦੇਣਾ ਠੀਕ ਨਹੀਂ**
- **ਮਾਤਾ ਪਿਤਾ ਦਾ ਆਪਣੇ ਅਸੂਲਾਂ ਤੇ ਪਰਪੱਕ ਨਾ ਰਹਿਣਾ**
- **ਬੱਚੇ ਦੀ ਕੋਈ ਵੀ ਗਲਤੀ ਸਬੰਧੀ ਕਾਰਵਾਈ ਕਰਨ ਤੋਂ ਪਹਿਲਾਂ ਮਾਤਾ ਪਿਤਾ ਨੂੰ ਸਬਰ ਕਰਨਾ ਚਾਹੀਦਾ ਹੈ**
- **ਜੇਕਰ ਕਿਤੇ ਜਾਂਦੇ ਸਮੇਂ ਬੱਸ ਜਾਂ ਗੱਡੀ ਦਾ ਇੰਤਜਾਰ ਕਰਨਾ ਹੁੰਦਾ ਹੈ, ਜਾਂ ਟਰੈਫਿਕ ਵਿਚ ਫਸ ਜਾਂਦੇ ਹਾਂ ਤਾਂ ਇੰਤਜਾਰ ਕਰਦੇ ਸਮੇਂ ਬੱਚੇ ਨੂੰ ਰੁਝੇ ਰੱਖਣਾਂ ਚਾਹੀਦਾ ਹੈ**
- **ਬੱਚਿਆਂ ਨੂੰ ਜਿਆਦਾ ਸਮੇਂ ਤਕ ਯਾਦ ਨਹੀਂ ਰਹਿੰਦਾ ਹੈ ਕਿ ਉਨ੍ਹਾਂ ਕੀ ਕੀਤਾ ਹੈ, ਇਸ ਲਈ ਜੇ ਕਰ ਅਸੀਂ ਬੱਚੇ ਨੂੰ ਉਸ ਦੀ ਗਲਤੀ ਬਾਰੇ ਸਮਝਾਣਾ ਚਾਹੁੰਦੇ ਹਾਂ ਤਾਂ ਗਲਤੀ ਕਰਨ ਦੇ ਕੁਝ ਸਮੇਂ ਦੇ ਅੰਦਰ ਹੀ ਸਮਝਾਣਾ ਚਾਹੀਦਾ ਹੈ**
- **ਮਾਤਾ ਪਿਤਾ ਨੂੰ ਬੱਚਿਆ ਸਾਹਮਣੇ ਆਪਣੀ ਝੂਠੀ ਪ੍ਰਸ਼ੰਸਾ ਆਪ ਨਹੀਂ ਕਰਦੇ ਰਹਿਣਾ ਚਾਹੀਦਾ ਹੈ**
- **ਮਾਤਾ ਪਿਤਾ ਦਾ ਬੱਚਿਆਂ ਨੂੰ ਸਮਝਾਣ ਦਾ ਤਰੀਕਾ ਸਰਲ ਤੇ ਇਕਸਾਰ ਹੋਣਾ ਚਾਹੀਦਾ ਹੈ**
- **ਸਜਾ ਦੇਣ ਲਈ ਬੱਚੇ ਨੂੰ ਘਰ ਦੇ ਕਿਸੇ ਕੋਨੇ ਵਿਚ ਬੰਦ ਕਰਨਾ ਜਾਂ ਕਲਾਸ ਵਿਚੋਂ ਬਾਹਰ ਕੱਢਣਾ ਠੀਕ ਨਹੀਂ, ਅਜੇਹਾ ਕਰਨ ਨਾਲ ਬੱਚਾ ਭਵਿੱਖ ਵਿਚ ਚੰਗਾ ਕੰਮ ਕਰਨ ਲਈ ਕੁਝ ਵੀ ਨਹੀਂ ਸਿਖਦਾ ਹੈ**

ਬੱਚਿਆਂ ਨੂੰ ਨਿਮਰਤਾ ਨਾਲ ਸਧਾਰਨ ਤੇ ਪਰੈਕਟੀਕਲ ਤਰੀਕੇ ਨਾਲ ਸਮਝਾਣਾ ਚਾਹੀਦਾ ਹੈ। ਨਾ ਤਾਂ ਜਿਆਦਾ ਰੋਅਬ ਪਾਣਾ ਚਾਹੀਦਾ ਹੈ ਤੇ ਨਾ ਹੀ ਜਿਆਦਾ ਹੁਕਮ ਚਲਾਣਾ ਚਾਹੀਦਾ ਹੈ। ਧਮਕੀਆਂ ਤੇ ਸਜਾਵਾਂ ਜਿਆਦਾ ਸਮੇਂ ਲਈ ਸਹਾਈ ਨਹੀਂ ਹੁੰਦੀਆਂ ਹਨ। ਜਿਆਦਾ ਸਜਾਵਾਂ ਨਾਲ ਬੱਚਾਂ ਹੋਰ ਵੀ ਢੀਠ ਹੋ ਜਾਂਦਾ ਹੈ। ਇਸ ਲਈ ਧਮਕੀਆਂ ਤੇ ਸਜਾਵਾਂ ਦੀ ਵਰਤੋਂ ਸਿਰਫ ਆਪਾਤਕਾਲੀਨ ਸਥਿਤੀ ਵਿਚ ਹੀ ਹੋਣੀ ਚਾਹੀਦੀ ਹੈ। ਬੱਚੇ ਦੇ ਨੁਕਸ ਵੇਖ ਕੇ ਉਸ ਉਪਰ ਆਪਣੀ ਮਰਜੀ ਥੋਪੀ ਜਾਣਾ ਠੀਕ ਨਹੀਂ, ਬੱਚੇ ਦੀ ਰੁਚੀ ਵੇਖ ਕੇ ਉਸ ਅਨੁਸਾਰ ਆਪਣੇ ਆਪ ਨੂੰ ਬਦਲਣਾ ਚਾਹੀਦਾ ਹੈ, ਤੇ ਯੋਗ ਕਾਰਵਾਈ ਕਰਨੀ ਚਾਹੀਦੀ ਹੈ।

**ਬੱਚੇ ਨੂੰ ਸਜਾ ਦੇਣ ਲਈ ਘਰ ਦੇ ਕਿਸੇ ਕੋਨੇ ਵਿਚ ਬੰਦ ਕਰਨ ਦੀ ਥਾਂ ਜਾਂ ਬੱਚੇ ਨੂੰ ਕਲਾਸ ਵਿਚੋਂ ਕੁਝ ਸਮੇਂ ਲਈ ਬਾਹਰ ਕੱਢਣ ਦੀ ਬਜਾਏ ਹੋਰ ਬਹੁਤ ਸਾਰੇ ਕਾਰਗਰ ਤਰੀਕੇ ਹਨ, ਜਿਨ੍ਹਾਂ ਦੁਆਰਾ ਬੱਚਿਆਂ ਦਾ ਵਤੀਰਾ ਠੀਕ ਕੀਤਾ ਜਾ ਸਕਦਾ ਹੈ, ਉਨ੍ਹਾਂ ਨੂੰ ਕਹਿਣਾ ਮੰਨਣਾਂ ਤੇ ਅਨੁਸ਼ਾਸਨ ਸਿਖਾਇਆ ਜਾ ਸਕਦਾ ਹੈ। ਹੇਠ ਲਿਖੇ ਕੁਝ ਤਰੀਕਿਆਂ ਨਾਲ ਬੱਚਿਆਂ ਨੂੰ ਕਹਿਣਾ ਮੰਨਣ ਤੇ ਅਨੁਸ਼ਾਸਨ ਸਿਖਾਇਆ ਜਾ ਸਕਦਾ ਹੈ:**

**(੧) ਬੱਚਿਆਂ ਦੀ ਇਜਤ ਕਰਨੀ**
**(੨) ਬੱਚਿਆਂ ਨੂੰ ਗਲਤੀ ਨਾਲ ਸਬੰਧਤ ਸਿਖਿਆ ਜਾਂ ਸਜਾ ਦੇਣੀ**
**(੩) ਸਿਖਿਆ ਬੱਚੇ ਦੀ ਉਮਰ ਅਨੁਸਾਰ ਦੇਣੀ**
**(੪) ਬੱਚੇ ਨੂੰ ਖਤਰੇ ਜਾਂ ਸ਼ਰਾਰਤਾਂ ਕਰਨ ਦੇ ਨਤੀਜਿਆ ਸਬੰਧੀ ਪਹਿਲਾਂ ਹੀ ਜਾਣੂ ਕਰਵਾਣਾ**

### (੫) ਜੋ ਸਮਝਾਇਆ ਜਾ ਰਿਹਾ ਹੈ ਉਸ ਨੂੰ ਦੁਬਾਰਾ ਦੁਹਰਾ ਕੇ ਵੇਖਣਾ ਕਿ ਬੱਚੇ ਨੂੰ ਸਮਝ ਆਇਆ ਹੈ ਕਿ ਨਹੀਂ

ਜਦੋਂ ਇਹ ਉਪਰ ਦੱਸੇ ਪੰਜ ਤਰੀਕੇ ਅਪਨਾ ਲਏ ਜਾਂਦੇ ਹਨ ਤਾਂ ਬੱਚੇ ਨੂੰ ਆਪਣੇ ਆਪ ਸਮਝ ਆ ਜਾਂਦੀ ਹੈ ਕਿ ਕਿਹੜੇ ਨਿਯਮ ਹਨ, ਜੋ ਕਿ ਉਸ ਨੇ ਅਪਨਾਉਂਣੇ ਹਨ, ਕਿਸ ਤਰ੍ਹਾਂ ਅਪਨਾਉਂਣੇ ਹਨ, ਤੇ ਜੇਕਰ ਨਹੀਂ ਅਪਨਾਏਗਾ ਤਾਂ ਕੀ ਨਤੀਜੇ ਹੋ ਸਕਦੇ ਹਨ। ਹੁਣ ਸਿਫਰ ਬੱਚੇ ਤੇ ਨਿਰਭਰ ਕਰਦਾ ਹੈ ਕਿ ਉਸ ਨੇ ਅਨੁਸ਼ਾਸਨ ਅਪਨਾਉਂਣਾ ਹੈ ਕਿ ਨਤੀਜੇ ਭੁਗਤਣੇ ਹਨ। ਕੁਦਰਤੀ ਤੌਰ ਤੇ ਕੋਈ ਵੀ ਸਜਾ ਭੁਗਤਣੀ ਨਹੀਂ ਚਾਹੁੰਦਾ ਹੈ। ਇਸ ਲਈ ਜਿਆਦਾਤਰ ਬੱਚਾ ਅਨੁਸ਼ਾਸਨ ਅਨੁਸਾਰ ਚਲਣਾ ਹੀ ਅਪਨਾਏਗਾ। ਜੇਕਰ ਬੱਚਾ ਨਿਯਮ ਅਨੁਸਾਰ ਚਲਣਾ ਨਹੀਂ ਅਪਨਾਉਂਦਾ ਹੈ, ਤਾਂ ਇਹ ਉਸ ਲਈ ਜੀਵਨ ਵਿਚ ਸਿਖਣ ਦਾ ਇਕ ਤਜੱਰਬਾ ਹੋਵਗਾ। ਉਦਾਹਰਣ ਦੇ ਤੌਰ ਤੇ ਕਹਿ ਸਕਦੇ ਹਾਂ ਕਿ ਕਹਿਣਾ ਨਾ ਮੰਨਣ ਕਰਕੇ ਬੱਚੇ ਨੇ ਅੱਜ ਖਿਲੌਣਾ ਲੈਂਣ ਦਾ ਜਾਂ ਟੀ.ਵੀ. ਵੇਖਣ ਦਾ ਮੌਕਾ ਗਵਾ ਲਿਆ ਹੈ ਤੇ ਹੁਣ ਅਗਲੇ ਦਿਨ ਦੁਬਾਰਾ ਮੌਕਾ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰ ਸਕਦਾ ਹੈ। ਜੀਵਨ ਵਿਚ ਉਤਰਾਅ ਚੜ੍ਹਾ ਵੀ ਮਨੁੱਖ ਦੇ ਸਿਖਣ ਲਈ ਇਕ ਤਰਜਰਬਾ ਹੀ ਹਨ, ਜਿਨ੍ਹਾਂ ਨਾਲ ਉਹ ਭਵਿੱਖ ਵਿਚ ਚੰਗੇ ਫੈਸਲੇ ਕਰਨ ਦੀ ਜਾਚ ਸਿਖਦਾ ਹੈ।

*ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥ ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ (੭੨)*

## {੬} ਬੱਚੇ ਸਕੂਲ ਵਿਚ ਕਿਸ ਤਰ੍ਹਾਂ ਸਫਲਤਾ ਨਾਲ ਸਿਖਿਆ ਲੈ ਸਕਦੇ ਹਨ?

ਮਾਤਾ ਪਿਤਾ ਬੱਚੇ ਦੀ ਸਕੂਲ ਦੀ ਸਿਖਿਆ ਇਕ ਕੋਰੀ ਕਾਪੀ ਕਿਤਾਬ ਦੀ ਤਰ੍ਹਾਂ ਆਰੰਭ ਕਰਦੇ ਹਨ, ਜਿਸ ਦੇ ਸਾਰੇ ਪੰਨੇ ਤਾਜ਼ੇ ਤੇ ਸਾਫ ਹੁੰਦੇ ਹਨ। ਸਕੂਲ ਦੇ ਪਹਿਲੇ ਦਿਨ ਬੱਚਾ ਬੜੇ ਚਾਅ ਨਾਲ ਸਵੇਰੇ ਜਲਦੀ ਉੱਠ ਕੇ ਤਿਆਰ ਹੁੰਦਾ ਹੈ ਤੇ ਸਮੇਂ ਤੋਂ ਪਹਿਲਾਂ ਸਕੂਲ ਪਹੁੰਚ ਜਾਂਦਾ ਹੈ। ਆਰੰਭ ਤਾਂ ਬਹੁਤ ਸੋਹਣਾ ਹੁੰਦਾ ਹੈ, ਪਰੰਤੂ ਹੌਲੀ ਹੌਲੀ ਪਰਿਵਾਰ ਦੇ ਮਾਹੌਲ ਦਾ ਅਸਰ ਹੋਣਾ ਸ਼ੁਰੂ ਹੋ ਜਾਂਦਾ ਹੈ। ਬੱਚਾ ਦੇਰ ਨਾਲ ਸੌਂਦਾ ਹੈ, ਫਿਰ ਦੇਰ ਨਾਲ ਉੱਠਦਾ ਹੈ, ਸਕੂਲੇ ਕਾਹਲੀ ਕਾਹਲੀ ਦੌੜਦਾ ਹੈ, ਕੁਝ ਕਾਪੀਆਂ ਕਿਤਾਬਾਂ ਘਰ ਵਿਚ ਛੱਡ ਜਾਂਦਾ ਹੈ ਤੇ ਕਦੀ ਸਕੂਲੇ ਛੱਡ ਆਉਂਦਾ ਹੈ। ਦੋਸਤਾਂ ਕੋਲੋਂ ਨਕਲ ਕਰਨ ਲਈ ਦੌੜਦਾ ਹੈ। ਅਖੀਰਲੇ ਸਮੇਂ ਸਕੂਲ ਦਾ ਕੰਮ, ਆਖਰੀ ਦਿਨ ਇਮਤਿਹਾਨ ਦੀ ਤਿਆਰੀ, ਸਕੂਲ ਦੀ ਅਸਾਈਨਮੈਂਟ ਭੁਲ ਜਾਣਾ, ਘਟੀਆਂ ਰਾਜਨੀਤੀ ਤੇ ਆਦਤਾਂ, ਆਦਿ ਦੀ ਲਪੇਟ ਵਿਚ ਆ ਜਾਂਦਾ ਹੈ। ਸਕੂਲ ਵਿਚ ਜਾ ਕੇ ਕਰਨਾ ਤਾਂ ਜੀਵਨ ਦਾ ਵਿਕਾਸ ਤੇ ਤਰੱਕੀ ਸੀ, ਪਰ ਉਲਟੇ ਪੈਰੀ ਨਿਵਾਣਤਾ ਵੱਲ ਚਲ ਪਿਆ।

ਜਦੋਂ ਮੌਸਮ ਬਦਲਦਾ ਹੈ, ਗਰਮੀ ਤੋਂ ਬਰਸਾਤ ਤੇ ਫਿਰ ਸਰਦੀਆਂ ਆ ਜਾਂਦੀਆਂ ਹਨ। ਇਨ੍ਹਾਂ ਨਾਲ ਪਰਿਵਾਰ ਦੇ ਜੀਵਨ ਤੇ ਅਸਰ ਪੈਂਦਾ ਹੈ ਤੇ ਮਾਤਾ ਪਿਤਾ ਅਤੇ ਬੱਚੇ ਦੋਵਾਂ ਲਈ ਹੋਰ ਮੁਸ਼ਕਲਾਂ ਵਿਚ ਵਾਧਾ ਹੋ ਜਾਂਦਾ ਹੈ। ਬਦਲਦੇ ਵਾਤਾਵਰਨ ਨਾਲ ਬੱਚੇ ਦੇ ਮਨ ਅੰਦਰ ਬੇਚੈਨੀ ਫੈਲਦੀ ਹੈ, ਫਿਕਰ ਕਰਨ ਲਗਦਾ ਹੈ, ਚਿੜਚਿੜਾ ਸੁਭਾਅ ਹੋ ਜਾਂਦਾ ਹੈ। ਨਵੇਂ ਵਾਤਾਵਰਨ, ਨਵੇਂ ਸਕੂਲ, ਨਵੇਂ ਅਧਿਆਪਕ, ਨਵੇਂ ਮਾਹੌਲ, ਸਖਤ ਅਨੁਸ਼ਾਸਨ ਵਿਚ ਬੱਚੇ ਲਈ ਆਪਣੇ ਆਪ ਨੂੰ ਵਾਰ ਵਾਰ ਬਦਲਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਬੱਚਾ ਭਾਵਕ ਹੋਣਾ ਸ਼ੁਰੂ ਹੋ ਜਾਂਦਾ ਹੈ, ਸਵਾਲ ਜੁਆਬ ਕਰਨੇ ਸ਼ੁਰੂ ਕਰ ਦਿੰਦਾ ਹੈ, ਅੱਗੋਂ ਬੋਲਣਾ ਸ਼ੁਰੂ ਕਰ ਦਿੰਦਾ ਹੈ, ਛੋਟੇ ਭੈਣਾਂ ਭਰਾਵਾਂ ਨਾਲ ਲੜਨਾ ਸ਼ੁਰੂ ਕਰ ਦਿੰਦਾ ਹੈ, ਇਕੱਲਾ ਲੁਕ ਕੇ ਬੈਠਣਾ ਸ਼ੁਰੂ ਕਰ ਦਿੰਦਾ ਹੈ, ਆਦਿ। ਮਾਤਾ ਪਿਤਾ ਲਈ ਬੱਚੇ ਨੂੰ ਸਮਝਾਣਾ ਜਾਂ ਕਾਬੂ ਵਿਚ ਰੱਖਣਾ ਮੁਸ਼ਕਲ ਹੋ ਜਾਂਦਾ ਹੈ, ਬੇਬਸੀ ਦੀ ਹਾਲਤ ਵਿਚ ਮਾਤਾ ਪਿਤਾ ਨੂੰ ਗੁਸਾ ਵੀ ਆ ਸਕਦਾ ਹੈ, ਜਿਸ ਨਾਲ ਸਥਿਤੀ ਹੋਰ ਵਿਗੜ ਸਕਦੀ ਹੈ। ਇਹ ਸੋਚ ਕੇ ਚੱਲਣਾ ਕਿ ਇਹ ਹਰ ਘਰ ਦੀ ਮੁਸੀਬਤ ਹੈ, ਕੋਈ ਵਿਕਸਤ ਸੋਚ ਨਹੀਂ ਹੈ। ਸੋਚਣਾ ਤੇ ਵਿਚਾਰਨਾ ਇਹ ਹੈ ਕਿ ਇਸ ਦਾ ਹੱਲ ਕਿਸ ਤਰ੍ਹਾਂ ਖੋਜਿਆ ਜਾਵੇ ਤੇ ਕਿਸ ਤਰ੍ਹਾਂ ਲਾਗੂ ਕੀਤਾ ਜਾਵੇ। ਜਦੋਂ ਭਵਿੱਖ ਦੀ ਸਫਲਤਾ ਲਈ ਯੋਜਨਾ ਬਣਾਣੀ ਹੈ ਤਾਂ ਫਾਲਤੂ ਗੱਲਾਂ ਜਾਂ ਅਸਫਲਤਾਵਾਂ ਨੂੰ ਛੱਡ ਕੇ ਇਹ ਮੰਤਵ ਹੋਣਾ ਚਾਹੀਦਾ ਹੈ ਕਿ ਬੱਚਾ ਕਿਸ ਤਰ੍ਹਾਂ ਖੁਸ਼ ਹੋ ਸਕਦਾ ਹੈ ਤੇ ਕਿਸ ਤਰ੍ਹਾਂ ਸਫਲਤਾ ਦੀ ਮੰਜ਼ਲ ਵੱਲ ਜਾ ਸਕਦਾ ਹੈ।

ਕਈ ਮਾਤਾ ਪਿਤਾ ਇਹ ਨਹੀਂ ਸਮਝ ਸਕਦੇ ਕਿ ਜੇਕਰ ਬੱਚੇ ਵੱਡੇ ਹੋ ਰਹੇ ਹਨ ਤਾਂ ਉਨ੍ਹਾਂ ਦਾ ਉਮਰ ਦੇ ਨਾਲ ਨਾਲ ਮਾਨਸਿਕ ਵਿਕਾਸ ਵੀ ਹੋ ਰਿਹਾ ਹੈ ਤੇ ਨਾਲ ਦੀ ਨਾਲ ਉਨ੍ਹਾਂ ਉਪਰ ਅੰਦਰੂਨੀ ਤੇ ਬਾਹਰੀ ਵਾਤਾਵਰਨ ਦਾ ਅਸਰ ਵੀ ਹੋ ਰਿਹਾ ਹੈ। ਜੇਕਰ ਮਾਤਾ ਪਿਤਾ ਬੱਚੇ ਉਪਰ ਆਪਣੀ ਬਚਪਨ ਵਾਲੀ ਹਕੂਮਤ ਜਾਰੀ ਰੱਖਦੇ ਹਨ ਤਾਂ ਬੱਚਾ ਉਸ ਦਾ ਵਿਰੋਧ ਵੀ ਕਰ ਸਕਦਾ ਹੈ। ਬਹੁਤ ਸਾਰੇ ਘਰਾਂ ਵਿਚ ਬੱਚੇ ਨੂੰ ਉਸ ਦੇ ਘਰ ਦੇ ਨਾਂ (Pet name) ਨਾਲ ਬੁਲਾਇਆ ਜਾਂਦਾ ਹੈ। ਜੇਕਰ ਬੱਚੇ ਦੇ ਦੋਸਤਾਂ ਸਾਹਮਣੇ ਉਸ ਨੂੰ ਪਿੰਕੀ ਵਗੈਰਾ ਕਹਿ ਕੇ ਬੁਲਾਇਆ ਜਾਵੇਗਾ ਤਾਂ ਹੋ ਸਕਦਾ ਹੈ, ਉਹ ਪਸੰਦ ਨਾ ਕਰੇ।

**ਹੇਠ ਲਿਖੇ ਇਹ ਕੁਝ ਤਰੀਕੇ ਹਨ, ਜਿਨ੍ਹਾਂ ਨੂੰ ਵਰਤ ਕੇ ਬੱਚਿਆਂ ਦੇ ਜੀਵਨ ਨੂੰ ਸਹੀ ਦਿਸ਼ਾ ਵੱਲ ਮੋੜਿਆ ਜਾ ਸਕਦਾ ਹੈ, ਬੱਚਿਆਂ ਤੇ ਪਰਿਵਾਰ ਦਾ ਜੀਵਨ ਸਫਲ ਬਣਾਇਆ ਜਾ ਸਕਦਾ ਹੈ:**

- **ਬੱਚੇ ਸਬੰਧੀ ਆਪਣੀਆਂ ਅੱਖਾਂ ਹਮੇਸ਼ਾਂ ਖੋਲ ਕੇ ਰੱਖੋ**
- **ਬੱਚਿਆਂ ਦੇ ਅਧਿਆਪਕਾ ਨਾਲ ਸਬੰਧ ਤੇ ਤਾਲਮੇਲ ਬਣਾ ਕੇ ਰੱਖਣਾ**
- **ਬੱਚੇ ਅੰਦਰ ਸਮਾਜ ਸੇਵਾ ਲਈ ਗੁਣ ਪੈਦਾ ਕਰਨੇ**
- **ਬੱਚੇ ਨੂੰ ਆਪਣੇ ਪੈਰਾਂ ਤੇ ਆਪ ਖੜਾ ਹੋਣਾ ਸਿਖਾਓ**
- **ਗੱਲਬਾਤ ਕਰਨ ਵਿਚ ਮਾਤਾ ਪਿਤਾ ਤੇ ਬੱਚਿਆਂ ਦਾ ਆਪਸ ਵਿਚ ਪ੍ਰੇਮ ਪਿਆਰ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ**

**ਗੁਰਦੁਆਰਾ ਸਾਹਿਬ ਬਹੁਤ ਵੱਡਾ ਸਿਖਿਆ ਦਾ ਕੇਂਦਰ ਬਣ ਸਕਦਾ ਹੈ:** ਬੱਚਿਆਂ ਨੂੰ ਅਵਲ ਦਰਜ਼ੇ ਦੀ ਸਿਖਿਆ ਦੇਣ ਲਈ ਗੁਰਦੁਆਰਾ ਸਾਹਿਬ ਬਹੁਤ ਸਹਾਈ ਹੋ ਸਕਦੇ ਹਨ। ਬਿਨਾ ਕਿਸੇ ਉਚੇਚੇ ਉਪਰਾਲੇ ਕਰਨ ਦੇ ਬੱਚੇ ਬਹੁਤ ਸਾਰੀਆਂ ਚੰਗੀਆਂ ਆਦਤਾਂ ਸਿਖ ਸਕਦੇ ਹਨ। ਆਪਸ ਵਿਚ ਕਿਸ ਤਰ੍ਹਾਂ ਮਿਲਵਰਤਨ ਕਰਨਾ, ਲੰਗਰ ਬਣਾਣਾ ਤੇ ਵਰਤਾਣਾ, ਦਰਬਾਰ ਹਾਲ ਵਿਚ ਕਿਸ ਤਰ੍ਹਾਂ ਬੈਠਣਾਂ, ਗੁਰਬਾਣੀ ਸੁਣਨੀ, ਸਮਝਣੀ, ਗਾਇਨ ਕਰਨੀ, ਜੀਵਨ ਵਿਚ ਅਪਨਾਉਣੀ ਤੇ ਇਕ ਦੂਜੇ ਦੀ ਸਹਾਇਤਾ ਕਰਨੀ, ਆਦਿ।

ਇਹ ਸਭ ਕੁਝ ਸਮਝਣ, ਸਿਖਣ ਤੇ ਜੀਵਨ ਵਿਚ ਅਪਨਾਣ ਲਈ ਸਭ ਤੋਂ ਉੱਤਮ ਤੇ ਕਾਰਗਰ ਤਰੀਕਾ ਹੈ ਕਿ, ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਤੋਂ ਸੇਧ ਲਈ ਜਾਵੇ ਤੇ ਗੁਰਬਾਣੀ ਅਨੁਸਾਰ ਦੱਸੀ ਗਈ ਸਿਖਿਆਂ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ ਜਾਵੇ।

*ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥ ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੮॥*
*(੭੫੯)*

**"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ"**

ਡਾ: ਸਰਬਜੀਤ ਸਿੰਘ

## ਬੱਚੇ ਮਾਤਾ ਪਿਤਾ ਦਾ ਕਹਿਣਾ ਕਿਉਂ ਨਹੀਂ ਮੰਨਦੇ ਹਨ? (ਭਾਗ ੧)

## Why children do not listen to the parents? (Part 1)

# ਕੀ ਅਸੀਂ ਆਪਣੇ ਗੁਰਦੇਵ ਮਾਤਾ ਗੁਰਦੇਵ ਪਿਤਾ ਦਾ ਕਹਿਣਾ ਮੰਨਦੇ ਹਾਂ

# Do we obey our Gurdev Father and Gurdev Mother?

ਅੱਜਕਲ ਦੀ ਇਹ ਆਮ ਸਮੱਸਿਆ ਹੈ ਕਿ ਬੱਚੇ ਅਕਸਰ ਆਪਣੇ ਮਾਤਾ ਪਿਤਾ ਦਾ ਕਹਿਣਾ ਨਹੀਂ ਮੰਨਦੇ ਹਨ। ਆਪਸੀ ਵਿਚਾਰਾ ਵਿਚ ਭਿੰਨਤਾ, ਰਹਿਣੀ ਬਹਿਣੀ, ਖਾਣ ਪੀਣ, ਮਨੋਰੰਜਨ ਦੇ ਸਾਧਨ, ਮਿਹਨਤ ਕਰਨ ਦੇ ਤਰੀਕੇ, ਕਿਨ੍ਹਾਂ ਨਾਲ ਮੇਲਜੋਲ ਰੱਖਣਾ, ਆਦਿ ਬਹੁਤ ਸਾਰੇ ਵਿਸ਼ੇ ਹਨ, ਜਿਨ੍ਹਾਂ ਕਰਕੇ ਪਰਿਵਾਰਾਂ ਅੰਦਰ ਅਕਸਰ ਅਸਹਿਮਤੀ ਵੇਖਣ ਵਿਚ ਮਿਲਦੀ ਹੈ। ਕਈ ਐਸੇ ਕਾਰਨ ਹਨ, ਜੋ ਕਿ ਬਾਹਰੀ ਵਾਤਾਵਰਨ ਨਾਲ ਪ੍ਰਭਾਵਿਤ ਹੁੰਦੇ ਹਨ, ਜਿਨ੍ਹਾਂ ਤੇ ਮਾਪਿਆ ਦਾ ਜਿਆਦਾ ਕਾਬੂ ਨਹੀਂ ਹੋ ਸਕਦਾ ਹੈ। ਮਾਤਾ ਪਿਤਾ ਕਿਨੇ ਵੀ ਧਾਰਮਕ ਹੋਣ, ਰੋਜ਼ਾਨਾ ਗੁਰਦੁਆਰਾ ਸਾਹਿਬ ਜਾਂਦੇ ਹੋਣ, ਪਰੰਤੂ ਜਰੂਰੀ ਨਹੀਂ ਕਿ ਉਨ੍ਹਾਂ ਦੇ ਬੱਚੇ ਕਹਿਣਾ ਮੰਨਦੇ ਹੋਣ। ਮੂਲ ਕਾਰਨ ਇਹ ਹੈ ਕਿ ਜਿਆਦਾਤਰ ਲੋਕ ਆਪਣੇ ਆਪ ਨੂੰ ਧਰਮੀ ਤਾਂ ਸਮਝਦੇ ਹਨ, ਪਰੰਤੂ ਅਸਲ ਵਿਚ ਇੰਜ ਨਹੀਂ ਹੈ। ਬਹੁਤ ਸਾਰੇ ਲੋਕ ਸਿਰਫ ਧਾਰਮਕ ਰਵਾਇਤਾਂ ਹੀ ਪੂਰੀਆਂ ਕਰਦੇ ਹਨ। ਬਹੁਤ ਘਟ ਲੋਕ ਹਨ, ਜਿਹੜੇ ਕਿ ਆਪਣੇ ਆਪ ਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਆਧਾਰ ਤੇ ਪਰਖਦੇ ਹਨ ਤੇ ਉਸ ਅਨੁਸਾਰ ਚਲਣ ਦਾ ਉਪਰਾਲਾ ਕਰਦੇ ਹਨ।

*ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ (੬੫੦)*

ਅਸੀਂ ਜਿਹੜੀਆਂ ਵੀ ਧਾਰਮਕ ਰਵਾਇਤਾਂ ਕਰਦੇ ਹਾਂ, ਉਨ੍ਹਾਂ ਨੂੰ ਜਾਂ ਤਾਂ ਅਸੀਂ ਵੇਖ ਸਕਦੇ ਹਾਂ ਤੇ ਜਾਂ ਦੂਸਰੇ ਵੇਖ ਸਕਦੇ ਹਨ। ਅਕਾਲ ਪੁਰਖੁ ਦੇ ਦਰ ਤੇ ਰਵਾਇਤਾਂ ਪ੍ਰਵਾਨ ਨਹੀਂ ਹਨ। ਸਾਡੀ ਭਾਸ਼ਾ ਤੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਭਾਸ਼ਾ ਵਿਚ ਹੁਣ ਬਹੁਤ ਅੰਤਰ ਆ ਚੁਕਾ ਹੈ। ਜਿਨ੍ਹੀ ਦੇਰ ਤਕ ਗਾਇਨ ਕੀਤੇ ਗਏ ਸਬਦ ਦੀ ਸਮਝ ਨਹੀਂ ਆਉਂਦੀ, ਉਤਨੀ ਦੇਰ ਤਕ ਕੀਰਤਨ ਦਾ ਕੋਈ ਲਾਭ ਨਹੀਂ ਹੋ ਸਕਦਾ ਹੈ। ਇਸ ਲਈ ਅੱਜਕਲ ਦੀ ਭਾਸ਼ਾ ਵਿਚ ਠੀਕ ਤੇ ਸਪੱਸ਼ਟ ਅਰਥ ਭਾਵ ਸਮਝਾਂਣੇ ਬਹੁਤ ਜਰੂਰੀ ਹਨ। ਜਿਆਦਾ ਤਰ ਰਾਗੀ ਗਾਇਕਾਂ ਵਾਂਗੂ ਰਾਗ ਤੇ ਤਬਲਾ ਕੁਟਣ ਤੇ ਹੀ ਜਿਆਦਾ ਜੋਰ ਦਿੰਦੇ ਹਨ। ਰਹਾਉ ਦੀ ਪੰਗਤੀ ਦੀ ਟੇਕ ਤਾਂ ਹੁਣ ਕੋਈ ਵਿਰਲਾ ਰਾਗੀ ਹੀ ਲੈਂਦਾ ਹੈ। ਗੁਰੂ ਹਰਿਰਾਏ ਸਾਹਿਬ ਨੇ ਤਾਂ ਇਕ ਅੱਖਰ ਬਦਲਣ ਕਰਕੇ ਆਪਣੇ ਪੁੱਤਰ ਨੂੰ ਬੇਦਖਲ ਕਰ ਦਿਤਾ ਸੀ, ਪਰੰਤੂ ਅੱਜਕਲ ਤਾਂ ਸਬਦ ਗਾਇਨ ਕਰਦੇ ਸਮੇਂ ਉਸ ਵਿਚ ਆਪਣੇ ਕੋਲੋ ਹੋਰ ਵਾਧੂ ਅੱਖਰ ਲਾਉਂਣੇ ਤਾਂ ਆਮ ਰਿਵਾਜ ਹੋ ਗਿਆ ਹੈ।

*ਸੂਹੀ ਮਹਲਾ ੫ ॥ ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥ ਸੰਤਹੁ ਸਾਗਰੁ ਪਾਰਿ ਉਤਰੀਐ ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥ (੭੪੭, ੭੪੮)*

ਗੁਰਬਾਣੀ ਅਨੁਸਾਰ ਤਾਂ ਅਸੀਂ ਇਕ ਪਲ ਵਿਚ ਹੀ ਮੁਕਤ ਹੋ ਸਕਦੇ ਹਾਂ, ਜੇਕਰ ਪੂਰੀ ਲਗਨ ਨਾਲ ਸਤਿਗੁਰ ਦੇ ਬਚਨਾਂ ਦੁਆਰਾ ਅਕਾਲ ਪੁਰਖੁ ਵਿਚ ਪੂਰੀ ਤਰ੍ਹਾਂ ਲੀਨ ਹੋ ਜਾਈਏ। ਖਾਲੀ ਵਾਹਿਗੁਰੂ ਵਾਹਿਗੁਰੂ ਕਰਨ ਨਾਲ ਕੁਝ ਨਹੀਂ ਹੋਣਾ ਹੈ। ਸੱਚੀ ਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਣਾ ਹੈ।

*ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥ (੬੫੪-੬੫੫)*

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਨੂੰ ਹਿਰਦੇ ਵਿਚ ਵਸਾਣ ਨਾਲ ਹੀ ਅਕਾਲ ਪੁਰਖੁ ਦੀ ਮਿਹਰ ਦੀ ਨਜਰ ਹੋ ਸਕਦੀ ਹੈ। ਕੱਚੀ ਬਾਣੀ ਪੜ੍ਹਨ ਨਾਲ ਜਾਂ ਵੱਖ ਵੱਖ ਤਰ੍ਹਾਂ ਦੀ ਧਾਰਨਾ ਲਾਣ ਨਾਲ ਕੁਝ ਪ੍ਰਾਪਤ ਨਹੀਂ ਹੋਣਾ ਹੈ। ਸੱਚੀ ਬਾਣੀ ਨੂੰ ਆਪਣੇ ਹਿਰਦੇ ਵਿਚ ਵਸਾਣਾ ਹੈ, ਗੁਰਬਾਣੀ ਅਨੁਸਾਰ ਦੱਸੀ ਗਈ ਸਿਖਿਆ ਨੂੰ ਜੀਵਨ ਦੇ ਹਰ ਪਲ ਪਲ ਵਿਚ ਅਪਨਾਉਂਣਾ ਹੈ।

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥ ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥ (੯੨੦)*

ਗੁਰੂ ਗਰੰਥ ਸਾਹਿਬ ਤਾਂ ਸੱਚੀ ਬਾਣੀ ਗਾਇਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਪਰੰਤੂ ਲੋਕਾਂ ਨੂੰ ਕੱਚੀ ਬਾਣੀ ਤੇ ਉਸ ਵਿਚ ਮਿਲਾਵਟ ਕਰਨਾ ਜਿਆਦਾ ਸਵਾਦਲਾ ਲਗਦਾ ਹੈ। ਗੁਰੁ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਤੋਂ ਇਲਾਵਾ ਹੋਰ ਸਾਰੀ ਕੱਚੀ ਬਾਣੀ ਹੈ, ਉਸ ਨੂੰ ਕਹਿਣ ਵਾਲੇ ਵੀ ਕੱਚੇ ਹਨ ਤੇ ਸੁਣਨ ਵਾਲੇ ਵੀ ਕੱਚੇ ਹਨ। ਅਜੇਹੇ ਲੋਕ ਮਾਇਆ ਦੇ ਝਮੇਲਿਆਂ ਵਿਚ ਫਸੇ ਰਹਿੰਦੇ ਹਨ।

***ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥ (੯੨੦)***

ਅਕਸਰ ਵੇਖਣ ਵਿਚ ਆਂਉਂਦਾ ਹੈ ਕਿ ਜਦੋਂ ਘਰ ਵਿਚ, ਗੁਰੁ ਗਰੰਥ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ, ਉਸ ਲਈ ਲੋਕ ਤਾਂ ਬਹੁਤ ਸੱਦੇ ਜਾਂਦੇ ਹਨ, ਪਰੰਤੂ ਪਾਠ ਦੇ ਆਰੰਭ ਸਮੇਂ ਕੁਝ ਗਿਣਤੀ ਦੇ ਲੋਕ ਹੀ ਹੁੰਦੇ ਹਨ, ਪੰਜ ਪਉੜੀਆਂ ਬਾਅਦ ਕੋਈ ਵਿਰਲਾ ਹੀ ਸੁਣਨ ਲਈ ਬੈਠਾ ਹੁੰਦਾ ਹੈ। ਘਰ ਦੇ ਲੋਕ ਬਾਕੀ ਤਿਆਰੀਆਂ ਵਿਚ ਰੁਝੇ ਰਹਿੰਦੇ ਹਨ। ਪਰੰਤੂ ਸਮਾਪਤੀ ਤੋਂ ਬਾਅਦ ਲੰਗਰ ਲਈ ਅਣਗਿਣਨ ਲੋਕ ਇਕੱਠੇ ਹੋ ਜਾਂਦੇ ਹਨ।

ਇਹੋ ਜਿਹਾ ਹੀ ਆਨੰਦ ਕਾਰਜ ਸਮੇਂ ਵੇਖਣ ਨੂੰ ਮਿਲਦਾ ਹੈ। ਖਾਣ ਵਾਲੇ ਸਟਾਲਾ ਵਿਚ ਤਾਂ ਅਣਗਿਣਨ ਲੋਕ ਹੁੰਦੇ ਹਨ। ਪਰੰਤੂ ਗੁਰਦੁਆਰਾ ਸਾਹਿਬ ਦੇ ਹਾਲ ਵਿਚ ਆਨੰਦ ਕਾਰਜ ਵੇਲੇ ਕੁਝ ਗਿਣਤੀ ਦੇ ਲੋਕ ਹੀ ਹੁੰਦੇ ਹਨ। ਲਾਵਾਂ ਸਮੇਂ ਵੀ ਸ਼ਾਇਦ ਹੀ ਮੁੰਡੇ ਕੁੜੀ ਨੂੰ ਸੁਣਨ ਲਈ ਸਮਾਂ ਮਿਲਦਾ ਹੈ। ਬਹੁਤਾਂ ਸਮਾਂ ਤਾਂ ਰਿਸ਼ਤੇਦਾਰ ਫੋਟੋ ਖਿੱਚਣ ਲਈ ਉਨ੍ਹਾਂ ਦੇ ਕਪੜੇ ਹੀ ਠੀਕ ਕਰਦੇ ਰਹਿੰਦੇ ਹਨ। ਲਾਵਾਂ ਦਾ ਮੰਤਵ ਤਾਂ ਗੁਰੁ ਗਰੰਥ ਸਾਹਿਬ ਨਾਲ ਜੋੜਨਾਂ ਹੈ ਤਾਂ ਜੋ ਮਨੁੱਖਾ ਜੀਵਨ ਸਫਲ ਹੋ ਸਕੇ। ਪਰੰਤੂ ਇਸ ਪਾਸੇ ਕੋਈ ਵਿਰਲਾ ਹੀ ਤਵੱਜੋਂ ਦਿੰਦਾ ਹੈ। ਬਹੁਤੇ ਤਾਂ ਰਵਾਇਤਾ ਪੂਰੀਆਂ ਕਰਨ ਵਿਚ ਹੀ ਲੱਗੇ ਰਹਿੰਦੇ ਹਨ। ਅਜੇਹੀਆਂ ਰਵਾਇਤਾ ਪੂਰੀਆਂ ਕਰਨ ਨਾਲ ਜੀਵਨ ਵਿਚ ਆਨੰਦ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ।

***ਸੂਹੀ ਮਹਲਾ ੪ ॥ ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥ (੭੭੩)***

ਮੂਲ ਕਾਰਨ ਇਹ ਹੈ ਕਿ ਅਸੀਂ ਗੁਰੁ ਗਰੰਥ ਸਾਹਿਬ ਦੀ ਸਿਖਿਆ ਨੂੰ ਨਹੀਂ ਸੁਣਦੇ ਹਾਂ ਤੇ ਨਾ ਹੀ ਉਸ ਅਨੁਸਾਰ ਜੀਵਨ ਵਿਚ ਅਮਲ ਕਰਦੇ ਹਾਂ। ਬੱਚਿਆਂ ਨੇ ਵੱਡਿਆਂ ਦੀ ਨਕਲ ਕਰਨੀ ਹੁੰਦੀ ਹੈ ਤੇ ਉਨ੍ਹਾਂ ਕੋਲੋਂ ਹੀ ਸਿਖਣਾ ਹੁੰਦਾ ਹੈ। ਜੇਕਰ ਵੱਡਿਆਂ ਨੇ ਹੀ ਕਹਿੰਣਾ ਮੰਨਣਾਂ ਨਹੀਂ ਸਿਖਿਆ ਹੈ, ਤਾਂ ਬੱਚਿਆਂ ਤੋਂ ਕਿਸ ਤਰ੍ਹਾਂ ਆਸ ਰੱਖ ਸਕਦੇ ਹਾਂ। ਗੁਰਦੁਆਰਾ ਸਾਹਿਬ ਵਿਚ ਵੀ ਜਿਆਦਾ ਤਰ ਰਵਾਇਤਾ ਹੀ ਪੂਰੀਆਂ ਕੀਤੀਆਂ ਜਾਂਦੀਆਂ ਹਨ। ਸੱਚੀ ਬਾਣੀ ਦੀ, ਸੱਚੀ ਤੇ ਸਪੱਸ਼ਟ ਸਿਖਿਆ ਤੇ ਵੀਚਾਰ ਵੱਲ ਧਿਆਨ ਨਹੀਂ ਦਿਤਾ ਜਾਂਦਾ ਹੈ। ਸਮਾਜ ਖਿੰਡਿਆ ਪਿਆ ਹੈ। ਟੀ.ਵੀ ਤੇ ਫਿਲਮਾਂ ਵਾਲੇ ਗਾਂਣੇ, ਡਾਂਸ, ਤੇ ਘਟੀਆਂ ਸਿਖਿਆਂ ਦੇ ਕੇ ਆਪਣੇ ਪੈਸੇ ਕਮਾਉਂਣ ਵਿਚ ਰੁਝੇ ਰਹਿੰਦੇ ਹਨ। ਜੇਕਰ ਪੂਰਾ ਆਵਾ ਹੀ ਊਤਿਆ ਹੋਵੇ ਤਾਂ ਚੰਗੀ ਸਿਖਿਆ ਕਿਥੋਂ ਮਿਲ ਸਕਦੀ ਹੈ।

***ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥ (੧੩੩੪)***

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਰਵਾਇਤਾ ਪੂਰੀਆਂ ਕਰਨ ਦੀ ਸਿਖਿਆ ਨਹੀਂ ਦਿੰਦੀ ਹੈ। ਗੁਰਬਾਣੀ ਨੂੰ ਪੜ੍ਹਨਾਂ, ਸੁਣਨਾਂ, ਸਮਝਣਾਂ ਤੇ ਜੀਵਨ ਵਿਚ ਅਮਲੀ ਰੂਪ ਵਿਚ ਅਪਨਾਂਉਂਣਾ ਹੈ।

***ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ (੨)***

ਕੇਸਾਂ ਸਬੰਧੀ ਗੁਰੂ ਕੀ ਮੋਹਰ ਕਹਿਣ ਨਾਲ ਬੱਚਿਆਂ ਤੇ ਕੋਈ ਅਸਰ ਨਹੀਂ ਹੁੰਦਾ ਹੈ। ਜੇਕਰ ਅਸੀਂ ਖੁਦ ਆਪ ਗੁਰੂ ਦੀ ਮਤ ਅਨੁਸਾਰ ਨਹੀਂ ਚਲਦੇ ਹਾਂ ਤਾਂ ਅਸੀਂ ਆਪਣੇ ਬੱਚਿਆਂ ਨੂੰ ਗੁਰੂ ਦੀ ਮਤ ਅਨੁਸਾਰ ਚਲਣ ਲਈ ਕਿਸ ਤਰ੍ਹਾਂ ਸਮਝਾਂ ਸਕਦੇ ਹਾਂ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੇਠ ਲਿਖੇ ਸਬਦ ਸਾਨੂੰ ਸਪੱਸ਼ਟ ਕਰਕੇ ਸਮਝਾਂਦੇ ਹਨ ਕਿ ਸਾਡੇ ਅਸਲੀ ਮਾਤਾ ਪਿਤਾ, **"ਗੁਰਦੇਵ ਮਾਤਾ ਗੁਰਦੇਵ ਪਿਤਾ"** ਹੀ ਹਨ।

*ਸਲੋਕੁ ॥ **ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ** ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ **ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥** ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ (੮)*

***ਮਾਝ ਮਹਲਾ ੫ ॥ ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥ (੧੦੩)***

***ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ*** *॥੪॥੫॥੧੧॥੪੯॥ (੧੬੭)*

*ਸਲੋਕੁ ॥ **ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ** ॥੧॥ (੨੫੦)*

ਪੁਰਤਨ ਸਮਿਆਂ ਵਿਚ ਬਜੁਰਗ, ਗੁਰੂ ਦੀ ਮਤ ਅਨੁਸਾਰ ਚਲਦੇ ਸਨ। ਇਸ ਲਈ ਉਨ੍ਹਾਂ ਦੇ ਪੁੱਤ ਪੋਤਰੇ ਵੀ ਉਨ੍ਹਾਂ ਅਨੁਸਾਰ ਚਲਦੇ ਸਨ। ਇਸ ਤਰ੍ਹਾਂ ਇਹ ਲੜੀ ਹੋਰ ਬੱਚਿਆਂ ਤੇ ਭੈਣਾਂ ਭਰਾਵਾਂ ਵਿਚ ਵੀ ਚਲਦੀ ਰਹਿੰਦੀ ਸੀ। ਹੁਣ ਬਜੁਰਗ ਤਾਂ ਵਿਰਲੇ ਹੀ ਕਿਸੇ ਘਰ ਵਿਚ ਹੁੰਦੇ ਹਨ। ਜਿਸ ਤਰ੍ਹਾਂ ਦਾ ਸਲੂਕ ਅਸੀਂ ਆਪਣੇ ਮਾਤਾ, ਪਿਤਾ ਤੇ ਬਜੁਰਗਾਂ ਨਾਲ ਕਰਦੇ ਹਨ, ਉਹੋ ਜਿਹੀ ਸਿਖਿਆ ਸਾਡੇ ਬੱਚੇ ਅੱਗੋਂ ਲੈ ਲੈਂਦੇ ਹਨ। ਗੁਰੂ ਸਾਹਿਬ ਅਤੇ ਬਜੁਰਗਾਂ ਦੀ ਸਿਖਿਆ ਤੋਂ ਬਿਨਾਂ ਅਸੀਂ ਆਪਣੇ ਬੱਚਿਆਂ ਨੂੰ ਕਿਸ ਤਰ੍ਹਾਂ ਅਗਵਾਈ ਦੇ ਸਕਦੇ ਹਾਂ ਤੇ ਸਹੀ ਰਸਤਾ ਸਮਝਾਂ ਸਕਦੇ ਹਾਂ। ਬੱਚਿਆਂ ਨੂੰ ਸਿਖਿਆ ਦੇਣ ਲਈ ਹੁਣ ਸਿਰਫ ਟੀ.ਵੀ., ਫਿਲਮਾਂ ਤੇ ਮਾਇਆ ਵਿਚ ਗਵਾਚਾ ਸਮਾਜ ਹੀ ਰਹਿ ਗਿਆ ਹੈ। ਅਜੇਹੀ ਸਥਿਤੀ ਵਿਚ ਅਸੀਂ ਆਪਣੇ ਬੱਚਿਆਂ ਨੂੰ ਗੁਰੂ ਦੀ ਮਤ ਅਨੁਸਾਰ ਚਲਣ ਲਈ ਕਿਸ ਤਰ੍ਹਾਂ ਸਮਝਾਂ ਸਕਦੇ ਹਾਂ। ਇਸ ਲਈ ਆਪਣੇ ਆਪ ਨੂੰ ਖੁਸ਼ ਕਿਸਮਤ ਸਮਝਣਾ ਚਾਹੀਦਾ ਹੈ, ਜੇਕਰ ਸਾਡੇ ਬੱਚੇ ਸ਼ਰਾਬਾ ਤੇ ਨਸ਼ਿਆਂ ਵਿਚ ਬਰਬਾਦ ਨਹੀਂ ਹੋ ਰਹੇ ਹਨ।

**ਗੁਰਦੁਆਰਾ ਸਾਹਿਬ ਬਹੁਤ ਵੱਡਾ ਸਿਖਿਆ ਦਾ ਕੇਂਦਰ ਬਣ ਸਕਦਾ ਹੈ:** ਬੱਚਿਆਂ ਨੂੰ ਅਵਲ ਦਰਜੇ ਦੀ ਸਿਖਿਆ ਦੇਣ ਲਈ ਗੁਰਦੁਆਰਾ ਸਾਹਿਬ ਬਹੁਤ ਸਹਾਈ ਹੋ ਸਕਦੇ ਹਨ। ਬਿਨਾ ਕਿਸੇ ਉਚੇਚੇ ਉਪਰਾਲੇ ਕਰਨ ਦੇ ਬੱਚੇ ਬਹੁਤ ਸਾਰੀਆਂ ਚੰਗੀਆਂ ਆਦਤਾਂ ਸਿਖ ਸਕਦੇ ਹਨ। ਆਪਸ ਵਿਚ ਕਿਸ ਤਰ੍ਹਾਂ ਮਿਲਵਰਤਨ ਕਰਨਾ, ਲੰਗਰ ਬਣਾਣਾ ਤੇ ਵਰਤਾਣਾ, ਦਰਬਾਰ ਹਾਲ ਵਿਚ ਕਿਸ ਤਰ੍ਹਾਂ ਬੈਠਣਾਂ, ਗੁਰਬਾਣੀ ਸੁਣਨੀ ਤੇ ਗਾਇਨ ਕਰਨੀ, ਇਕ ਦੂਜੇ ਦੀ ਸਹਾਇਤਾ ਕਰਨੀ, ਆਦਿ।

**ਕੋਈ ਬੱਚਾ ਵੀ ਵਿਹਲਾ ਨਹੀਂ ਰਹਿੰਣਾ ਚਾਹੁੰਦਾ ਹੈ:** ਛੋਟੇ ਬੱਚੇ ਵੱਡੇ ਬੱਚਿਆਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਵੱਡੇ ਬੱਚੇ ਬਜੁਰਗਾਂ ਜਾਂ ਵੱਡਿਆਂ ਤੋਂ ਚੰਗੇ ਗੁਣ ਸਿਖ ਸਕਦੇ ਹਨ। ਇਸ ਤਰ੍ਹਾਂ ਇਹ ਲੜੀ ਕਾਇਮ ਕੀਤੀ ਜਾ ਸਕਦੀ ਹੈ। ਜਦੋਂ ਬੱਚਾ ਗੁਰਦੁਆਰਾ ਸਾਹਿਬ ਵਿਚੋਂ ਚੰਗੇ ਗੁਣ ਸਿਖ ਕੇ ਆਵੇਗਾ ਤਾਂ ਉਹ ਆਪਣੇ ਜੀਵਨ ਵਿਚ ਵੀ ਲਾਗੂ ਕਰਨ ਦੀ ਕੋਸ਼ਿਸ਼ ਕਰੇਗਾ। ਅਜੇਹੀਆਂ ਸਿਖਿਆਵਾਂ ਨਾਲ ਬੱਚਾ ਆਪਣੇ ਘਰ ਵਿਚ, ਰਸੋਈ, ਬੈਠਕ, ਸੌਣ ਵਾਲਾ ਕਮਰਾ, ਤੇ ਹੋਰ ਆਸੇ ਪਾਸੇ ਦੀਆਂ ਚੀਜ਼ਾਂ ਸਾਫ ਸੁਥਰੀਆਂ ਰੱਖਣੀਆਂ ਸਿਖ ਜਾਂਦਾ ਹੈ।

**ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਵਿਚ ਸੁਧਾਰ ਦੀ ਲੋੜ:** ਜਿਆਦਾਤਰ ਗੁਰਦੁਆਰਾ ਸਾਹਿਬਾਂ ਦੇ ਪ੍ਰੋਗਰਾਮਾਂ ਬਾਰੇ ਵੇਖਿਆ ਜਾਵੇ ਤਾਂ ਸਾਰਿਆਂ ਵਾਸਤੇ ਉਹੀ ਪ੍ਰੋਗਰਾਮ ਹੁੰਦਾ ਹੈ, ਭਾਂਵੇ ਕੋਈ ੫ ਸਾਲ ਤੋਂ ਘਟ ਦਾ ਹੋਵੇ, ੫ ਤੋਂ ੧੦ ਸਾਲ ਦਾ, ੧੦ ਤੋਂ ੨੦ ਸਾਲ ਦਾ, ੨੦ ਤੋਂ ੪੦ ਸਾਲ ਦਾ, ੪੦ ਤੋਂ ੬੦ ਸਾਲ ਦਾ, ਜਾਂ ੬੦ ਸਾਲ ਤੋਂ ਉੱਪਰ ਦਾ ਹੋਵੇ। ਜਦੋਂ ਕਿ ਹਰੇਕ ਉੱਮਰ ਦੇ ਬੱਚੇ, ਨੌਜਵਾਨ ਜਾਂ ਬਜੁਰਗ ਦੀ ਸੋਚ, ਲੋੜ ਤੇ ਸਮਝਣ ਦਾ ਸਤੱਰ ਤੇ ਤਰੀਕਾ ਅਲੱਗ ਅਲੱਗ ਹੁੰਦਾ ਹੈ। ਇਸ ਲਈ ਉੱਮਰ ਅਨੁਸਾਰ ਹਰੇਕ ਗਰੁਪ ਲਈ ਗੁਰਦੁਆਰਾ ਸਾਹਿਬਾਂ ਵਿਚ ਵੱਖਰਾ ਵੱਖਰਾ ਪ੍ਰੋਗਰਾਮ ਹੋਣ ਚਾਹੀਦਾ ਹੈ। ਗੁਰੂ ਗਰੰਥ ਸਾਹਿਬ ਦੀ

ਸਹਾਇਤਾ ਨਾਲ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਕਿਸ ਤਰ੍ਹਾਂ ਜਾਣਕਾਰੀ ਹਾਸਲ ਕਰ ਸਕਦੇ ਹਾਂ, ਇਨ੍ਹਾਂ ਵਿਸ਼ਿਆਂ ਉੱਪਰ ਉਚੇਚੇ ਤੌਰ ਤੇ ਗੁਰਮਤਿ ਵੀਚਾਰਾਂ ਤੇ ਵੀਚਾਰ ਵਟਾਦਰੇ ਹੋਣੇ ਚਾਹੀਦੇ ਹਨ।

ਗੁਰਦੁਆਰਾ ਸਾਹਿਬਾਂ ਵਿਚ ਗੁਰਮਤਿ ਤੇ ਆਮ ਸਿਖਿਆ ਸਬੰਧੀ ਛੋਟੀਆਂ ਜਾਂ ਮੱਧਮ ਸਮੇਂ ਵਾਲੀਆਂ ਪਿਕਚਰਾਂ ਜਾਂ ਨਾਟਕ ਵਿਖਾਏ ਜਾ ਸਕਦੇ ਹਨ। ਘਰਾਂ ਵਿਚ, ਆਵਾਜਾਈ ਵਿਚ, ਸਕੂਲਾਂ ਵਿਚ, ਦਫਤਰਾਂ ਵਿਚ ਤੇ ਫੈਕਟਰੀਆਂ ਵਿਚ, ਕਿਸ ਤਰ੍ਹਾਂ ਖਤਰਿਆਂ ਤੋ ਬਚਣਾ ਹੈ, ਉਸ ਸਬੰਧੀ ਫਿਲਮਾਂ ਵਿਖਾਈਆਂ ਜਾ ਸਕਦੀਆਂ ਹਨ। ਦੁਨਿਆਵੀ ਸਿਖਿਆ ਤੇ ਬੱਚਿਆਂ ਦੀਆਂ ਕਲਾਸਾਂ ਦੇ ਸਲੇਬਸ ਨਾਲ ਸਬੰਧਤ ਪ੍ਰੋਗਰਾਮ ਵਿਖਾਏ ਜਾ ਸਕਦੇ ਹਨ।

ਅੱਜਕਲ ਦੇ ਸਮੇਂ ਵਿਚ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਇਕ ਚੰਗੇ ਸਿੱਖ ਤੇ ਚੰਗੇ ਨਾਗਰਿਕ ਬਣਾਣਾ ਚਾਹੁੰਦੇ ਹਾਂ, ਤਾਂ ਸਾਨੂੰ ਗੁਰਬਾਣੀ ਨੂੰ ਰਵਾਇਤੀ ਤੌਰ ਤੇ ਪੜ੍ਹਨਾਂ ਬੰਦ ਕਰਨਾ ਪਵੇਗਾ, ਤੇ ਗੁਰਬਾਣੀ ਨੂੰ ਚੰਗੀ ਤਰ੍ਹਾਂ ਸਮਝ ਕੇ ਆਪਣੇ ਜੀਵਨ ਦਾ ਹਿਸਾ ਬਣਾਣਾ ਪਵੇਗਾ।

***ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥*** *(੨੮੮, ੨੮੯)*

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

ਤਤਕਰਾ

**ਬੱਚੇ ਮਾਤਾ ਪਿਤਾ ਦਾ ਕਹਿਣਾ ਕਿਉਂ ਨਹੀਂ ਮੰਨਦੇ ਹਨ? (ਭਾਗ ੨)**

**Why children do not listen to the parents? (Part 2)**

## ਕੀ ਮਾਤਾ ਪਿਤਾ ਇਸ ਦੇ ਖ਼ੁਦ ਜ਼ਿੰਮੇਵਾਰ ਹਨ?

## Are parents responsible for this behavior?

ਮਾਤਾ ਪਿਤਾ ਆਪਣੇ ਬੱਚਿਆਂ ਨਾਲ ਜਿਸ ਤਰ੍ਹਾਂ ਗੱਲਬਾਤ ਕਰਦੇ ਹਨ, ਆਪਸ ਵਿਚ ਤੇ ਆਪਣੇ ਤੋਂ ਵੱਡੇ ਤੇ ਛੋਟੇ ਲੋਕਾਂ ਨਾਲ ਵਰਤਾਉ ਕਰਦੇ ਹਨ, ਉਸ ਦਾ ਬੱਚਿਆਂ ਦੇ ਵਿਕਾਸ ਉੱਪਰ ਬਹੁਤ ਡੂੰਘਾ ਅਸਰ ਪੈਂਦਾ ਹੈ। ਜਿਸ ਤਰ੍ਹਾਂ ਆਸੇ ਪਾਸੇ ਦੇ ਲੋਕ ਇਕ ਦੂਸਰੇ ਨਾਲ ਗੱਲਬਾਤ ਕਰਦੇ ਹਨ, ਬੱਚਾਂ ਉਹ ਵੀ ਸਭ ਕੁਝ ਵੇਖਦਾ ਰਹਿੰਦਾ ਹੈ ਤੇ ਉਸੇ ਤਰ੍ਹਾਂ ਹੀ ਬੋਲਣਾ ਤੇ ਚਲਣਾ ਸਿਖ ਜਾਂਦਾ ਹੈ। ਜਿਸ ਤਰ੍ਹਾਂ ਦੇ ਕਰਮ ਮਾਤਾ ਪਿਤਾ ਤੇ ਆਸੇ ਪਾਸੇ ਦੇ ਲੋਕ ਕਰਦੇ ਹਨ, ਬੱਚੇ ਵੀ ਅਜੇਹੇ ਕਰਮ ਕਰਨੇ ਸਿੱਖ ਜਾਂਦੇ ਹਨ। ਅਸੀਂ ਜਿਸ ਤਰ੍ਹਾਂ ਦਾ ਬੀਜ ਬੀਜਦੇ ਹਾਂ, ਫਲ ਵੀ ਉਸੇ ਅਨੁਸਾਰ ਹੀ ਪੈਦਾ ਹੋਵੇਗਾ। ਭਾਵ ਅਸੀਂ ਜਿਸ ਤਰ੍ਹਾਂ ਦੇ ਕਰਮ ਕਰਦੇ ਹਾਂ, ਨਤੀਜੇ ਵੀ ਉਸੇ ਅਨੁਸਾਰ ਹੀ ਨਿਕਲਣਗੇ।

***ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥*** *(੧੩੪)*

ਅਕਸਰ ਵੇਖਣ ਵਿਚ ਆਂਉਂਦਾ ਹੈ, ਕਿ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਤਿੰਨ ਤਰੀਕਿਆਂ ਨਾਲ ਗੱਲਬਾਤ ਕਰਦੇ ਹਨ:

**ਕ੍ਰੋਧੀ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਉੱਚੀ ਉੱਚੀ ਚੀਕ ਕੇ ਗੁਸੇ ਨਾਲ ਬੋਲਦੇ ਰਹਿੰਦੇ ਹਨ** ਤੇ ਉਨ੍ਹਾਂ ਨੂੰ ਅਕਸਰ ਮਾਰਦੇ ਰਹਿੰਦੇ ਹਨ। ਅਜੇਹੇ ਵਾਤਾਵਰਨ ਵਿਚ ਕਈ ਬੱਚੇ ਤਾਂ ਡਰੇ ਤੇ ਸਹਿਮੇ ਰਹਿੰਦੇ ਹਨ, ਕਈ ਘਰੋਂ ਬਾਹਰ ਖੇਡਣਾਂ ਹੀ ਪਸੰਦ ਕਰਦੇ ਹਨ ਤੇ ਕਈ ਵਾਰੀ ਉਹ ਉਲਟਾ ਗੁਸੇ ਵਿਚ ਆ ਕੇ ਜਵਾਬ ਦੇਣਾਂ ਵੀ ਸਿਖ ਜਾਂਦੇ ਹਨ। ਅਜੇਹੇ ਹਾਲਾਤਾਂ ਵਿਚ ਅਕਸਰ ਬੱਚੇ ਮਾਤਾ ਪਿਤਾ ਦਾ ਕਹਿੰਣਾਂ ਮੰਨਣਾ ਬੰਦ ਕਰ ਦਿੰਦੇ ਹਨ, ਤੇ ਬਗਾਵਤੀ ਤਰੀਕਾ ਅਪਨਾ ਲੈਂਦੇ ਹਨ।

***ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥*** *(੯੩੨)*

**ਦੂਸਰੀ ਤਰ੍ਹਾਂ ਦੇ ਮਾਤਾ ਪਿਤਾ ਅਜੇਹੇ ਵੀ ਹਨ, ਜਿਹੜੇ ਆਪਣੇ ਬੱਚਿਆਂ ਨੂੰ ਕੁਝ ਵੀ ਨਹੀਂ ਕਹਿੰਦੇ ਹਨ।** ਅਜੇਹੇ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਬੜੀ ਹੌਲੀ ਹੌਲੀ ਤੇ ਹਮੇਸ਼ਾਂ ਸੁਚੇਤ ਹੋ ਕੇ ਬੋਲਦੇ ਰਹਿੰਦੇ ਹਨ। ਪਰੰਤੂ ਕਈ ਵਾਰੀ ਅਜੇਹੀ ਸਥਿਤੀ ਬਣ ਜਾਂਦੀ ਹੈ ਕਿ ਅਜੇਹੇ ਮਾਤਾ ਪਿਤਾ ਦੇ ਅੰਦਰ ਵੀ ਕ੍ਰੋਧ ਇਕੱਠਾ ਹੁੰਦਾ ਰਹਿੰਦਾ ਹੈ ਤੇ ਇਕੋ ਵਾਰੀ ਬੱਚਿਆਂ ਉੱਪਰ ਭੜਾਸ ਬਣ ਕੇ ਬਾਹਰ ਨਿਕਲ ਜਾਂਦਾ ਹੈ। ਪਰੰਤੂ ਗੁਰਬਾਣੀ ਤਾਂ ਹਰੇਕ ਸਥਿਤੀ ਵਿਚ ਸਿੱਖ ਨੂੰ ਗੁਰਮੁਖਿ ਰਹਿਣ ਲਈ ਸਿਖਿਆ ਦਿੰਦੀ ਹੈ। ਅਜੇਹੇ ਬੱਚੇ ਅਕਸਰ ਜਿਦੀ ਬਣ ਜਾਂਦੇ ਹਨ, ਕੁਝ ਕੁ ਸਮਝਦਾਰ ਵੀ ਬਣ ਜਾਂਦੇ ਹਨ, ਪਰੰਤੂ ਕਈ ਵਾਰੀ ਆਪਣੀ ਜਿਦ ਪੂਰੀ ਕਰਵਾਣ ਲਈ ਢੀਠ ਵੀ ਬਣ ਜਾਂਦੇ ਹਨ। ਅਕਸਰ ਬਜ਼ੁਰਗ ਵੀ ਆਪਣੇ ਪੋਤਰੇ ਪੋਤਰੀਆਂ ਨਾਲ ਦੋਸਤੀ ਤੇ ਲਾਡ ਕਰਨ ਲਈ ਉਨ੍ਹਾਂ ਦੀ ਹਰੇਕ ਜਿਦ ਪੂਰੀ ਕਰਦੇ ਰਹਿੰਦੇ ਹਨ, ਜਿਸ ਨਾਲ ਕਈ ਵਾਰੀ ਬੱਚੇ ਵਿਗੜ ਜਾਂਦੇ ਹਨ।

***ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥*** *ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥ (੧੪੧੮)*

**ਤੀਸਰੀ ਤਰ੍ਹਾਂ ਦੇ ਮਾਤਾ ਪਿਤਾ ਅਜੇਹੇ ਹਨ, ਜਿਹੜੇ ਕਿ ਸੁਚੇਤ, ਸਵੈ ਭਰੋਸੇ ਤੇ ਪੱਕੇ ਤਰੀਕੇ ਨਾਲ ਗਲਬਾਤ ਕਰਦੇ ਹਨ।** ਅਜੇਹੇ ਤਰੀਕੇ ਨਾਲ ਸਭ ਤਰ੍ਹਾਂ ਦੀ ਉੱਮਰ ਦੇ ਬੱਚਿਆਂ ਨਾਲ ਗਲਬਾਤ ਕੀਤੀ ਜਾ ਸਕਦੀ ਹੈ। ਅਜੇਹੇ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਸਪੱਸ਼ਟ, ਠੀਕ, ਪਿਆਰ, ਭਰੋਸੇ ਤੇ ਵਿਸ਼ਵਾਸ ਨਾਲ ਗਲਬਾਤ ਕਰਦੇ ਹਨ। ਅਜੇਹੇ ਵਾਤਾਵਰਨ ਵਿਚ ਬੱਚਿਆਂ ਦਾ ਵਿਕਾਸ ਚੰਗਾ ਹੁੰਦਾ ਹੈ ਤੇ ਬੱਚਿਆਂ ਨੂੰ ਸਮਝ ਆ ਜਾਂਦੀ ਹੈ, ਕਿ ਉਨ੍ਹਾਂ ਦੇ ਮਾਤਾ ਪਿਤਾ ਕੀ ਚਾਹੁੰਦੇ ਹਨ ਤੇ ਕਿਸ ਤਰ੍ਹਾਂ ਚਾਹੁੰਦੇ ਹਨ। ਆਪਸੀ ਤਾਲਮੇਲ ਕਰਕੇ ਅਜੇਹੇ ਬੱਚੇ ਕਈ ਤਰ੍ਹਾਂ ਦੇ ਹੁਨਰ ਬਚਪਨ ਵਿਚ ਹੀ ਸਿਖ ਜਾਂਦੇ ਹਨ। ਇਸ ਤਰ੍ਹਾਂ ਦਾ ਜੀਵਨ ਤੇ ਸੇਧ ਇਕ ਗੁਰਮੁਖ ਪਰਵਾਰ ਦੇ ਸਕਦਾ ਹੈ, ਜੋ ਗੁਰੂ ਦੇ ਪੂਰਨਿਆਂ ਤੇ ਚਲਣ ਵਾਲਾ ਹੋਵੇ ਤੇ ਅਕਾਲ ਪੁਰਖੁ ਤੇ ਭਰੋਸਾ ਰੱਖਣ ਵਾਲਾ ਹੋਵੇ। ਇਸ ਲਈ ਨਾਮੁ ਰੂਪੀ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝਣਾ ਹੈ, ਤੇ ਜੀਵਨ ਵਿਚ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣਾ ਸਿਖਣਾ ਹੈ।

*"ਚੰਗਿਆਈਆ ਬੁਰਿਆਈਆ, ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ, ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ ॥੧॥ (੮)"*

ਆਮ ਤੌਰ ਤੇ ਤਿੰਨ ਮੁੱਖ ਕਾਰਨ ਹਨ, ਜਿਨ੍ਹਾਂ ਕਰਕੇ ਬੱਚੇ ਆਪਣੇ ਮਾਤਾ ਪਿਤਾ ਦਾ ਕਹਿਣਾ ਨਹੀਂ ਮੰਨਦੇ ਹਨ।

**ਮਾਤਾ ਪਿਤਾ ਬੱਚਿਆਂ ਨੂੰ ਨਹੀਂ ਸੁਣਦੇ ਹਨ:** ਅਸੀਂ ਜੋ ਵੀ ਅਸਮਾਨ ਵਿਚ ਉੱਪਰ ਸੁਟਦੇ ਹਾਂ, ਉਹ ਵਾਪਿਸ ਸਾਡੇ ਕੋਲ ਆ ਜਾਂਦਾ ਹੈ। ਜੇਕਰ ਅਸੀਂ ਕੁਝ ਨਹੀਂ ਸੁਟਦੇ ਹਾਂ ਤਾਂ ਜਰੂਰੀ ਨਹੀਂ ਕਿ ਸਾਡੇ ਕੋਲ ਕੁਝ ਵਾਪਿਸ ਆਵੇ। ਇਹੋ ਹੀ ਬੱਚਿਆਂ ਦੇ ਸੁਣਨ ਸਬੰਧੀ ਹੈ। ਜੇਕਰ ਅਸੀਂ ਬੱਚਿਆਂ ਨੂੰ ਨਹੀਂ ਸੁਣਦੇ ਹਾਂ, ਉਨ੍ਹਾਂ ਲਈ ਉਚੇਚਾ ਸਮਾਂ ਨਹੀਂ ਕੱਢਦੇ ਹਾਂ ਤਾਂ ਅਸੀਂ ਬੱਚਿਆਂ ਕੋਲੋ ਕਿਸ ਤਰ੍ਹਾਂ ਆਸ ਰੱਖ ਸਕਦੇ ਹਾਂ? ਮਾਤਾ ਪਿਤਾ ਨੂੰ ਬੱਚਿਆਂ ਨਾਲ ਗੱਲਬਾਤ ਕਰਨ ਲਈ ਉਚੇਚਾ ਸਮਾਂ ਕੱਢਣਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਦਾ ਬੱਚਿਆਂ ਨਾਲ ਸੰਬੰਧ ਬਣਿਆ ਰਹੇ। ਗੁਰਬਾਣੀ ਵਿਚ ਵੀ ਇਹੀ ਸਮਝਾਂਇਆ ਗਿਆ ਹੈ ਕਿ ਜੇਕਰ ਅਸੀਂ ਗੁਰੂ ਦੀ ਸਿਖਿਆ ਧਿਆਨ ਨਾਲ ਨਹੀਂ ਸੁਣਦੇ ਹਾਂ, ਤੇ ਉਸ ਅਨੁਸਾਰ ਨਹੀਂ ਚਲਦੇ ਹਾਂ ਤਾਂ ਸਾਡਾ ਸਭ ਕੁਝ ਕੀਤਾ ਕਰਾਇਆ ਨਿਹਫਲ ਹੋ ਜਾਂਦਾ ਹੈ।

***ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥ (੧੩੩੪)***

**ਅਸੀਂ ਕਈ ਵਾਰੀ ਬੱਚਿਆਂ ਸਾਹਮਣੇ ਝੂਠ ਬੋਲਦੇ ਹਾਂ**: ਇਹ ਦੂਸਰਾ ਵੱਡਾ ਕਾਰਨ ਇਹ ਹੈ ਕਿ ਅਸੀਂ ਕਈ ਵਾਰੀ ਬੱਚਿਆਂ ਸਾਹਮਣੇ ਦੂਸਰਿਆਂ ਨਾਲ ਝੂਠ ਬੋਲਦੇ ਹਾਂ, ਤੇ ਜਾਂ ਦੂਸਰਿਆਂ ਲੋਕਾਂ ਦੀ ਚੁਗਲੀ ਕਰਦੇ ਰਹਿੰਦੇ ਹਾਂ। ਬੱਚੇ ਇਹ ਸਭ ਕੁਝ ਵੇਖਦੇ ਰਹਿੰਦੇ ਹਨ ਤੇ ਅਜੇਹਾ ਕਰਨ ਨਾਲ ਹੌਲੀ ਹੌਲੀ ਬੱਚਿਆਂ ਨੂੰ ਵੀ ਝੂਠ ਬੋਲਣ ਦੀ ਆਦਤ ਪੈ ਜਾਂਦੀ ਹੈ। ਅਸੀਂ ਆਪਣੇ ਬੱਚਿਆਂ ਸਾਹਮਣੇ ਆਪਣਾ ਸਤੱਰ ਆਪ ਨੀਵਾਂ ਕਰ ਲੈਂਦੇ ਹਾਂ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਅਸੀਂ ਬੱਚਿਆਂ ਨੂੰ ਆਪ ਹੀ ਵਿਗਾੜ ਲੈਂਦੇ ਹਾਂ।

*ਸਲੋਕ ਮਃ ੧ ॥ **ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ** ॥ ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥ (੧੩੯, ੧੪੦)*

***ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥ ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥ ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥ (੪੮੮)***

**ਅਸੀਂ ਜੋ ਕਹਿੰਦੇ ਹਾਂ ਉਹ ਕਰਦੇ ਨਹੀਂ:** ਆਮ ਵੇਖਣ ਵਿਚ ਆਂਉਂਦਾ ਹੈ ਕਿ ਮਾਤਾ ਪਿਤਾ ਬੱਚੇ ਨੂੰ ਕੁਝ ਲੈਣ ਜਾਂ ਕਿਤੇ ਲਿਜਾਣ ਦਾ ਵਾਇਦਾ ਤਾਂ ਕਰਦੇ ਹਨ, ਪਰੰਤੂ ਬਾਅਦ ਵਿਚ ਭੁਲ ਜਾਂਦੇ ਹਨ ਤੇ ਜਾਂ ਟਾਲਮਟੋਲ ਕਰਦੇ ਰਹਿੰਦੇ ਹਨ। ਅਸਲੀਅਤ ਇਹ ਹੈ ਕਿ ਅਸੀਂ ਭਾਂਵੇ ਭੁਲ ਜਾਈਏ ਪਰੰਤੂ ਬੱਚੇ ਨਹੀਂ ਭੁਲਦੇ ਹਨ। ਕੀ ਅਸੀਂ ਇਹ ਸੋਚਿਆ ਹੈ ਕਿ ਅਜੇਹਾ ਝੂਠ ਕਦੋਂ ਤਕ ਚਲ ਸਕਦਾ ਹੈ। ਇਹੀ ਕਾਰਨ ਹੈ ਕਿ ਅਸੀਂ ਬੱਚਿਆਂ ਦਾ ਵਿਸ਼ਵਾਸ ਖੋ ਬੈਠਦੇ ਹਾਂ। ਇਸ ਲਈ ਕਸੂਰ ਬੱਚਿਆਂ ਦਾ ਨਹੀਂ ਹੈ, ਇਹ ਸਾਡਾ ਆਪਣਾ ਕਸੂਰ ਹੈ। ਇਸ ਲਈ ਜੇਕਰ ਚੰਗੇ ਫਲ ਦੀ ਆਸ ਰੱਖਦੇ ਹਾਂ ਤਾਂ ਬੀਜ ਵੀ ਚੰਗਾ ਹੀ ਬੀਜਣਾ ਪਵੇਗਾ।

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥੨੩॥ (੧੩੭੯)***

**ਜਿਨੀ ਦੇਰ ਤਕ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਕਹਿਣਾ ਮੰਨਣਾ ਨਹੀਂ ਸਿਖਾਂਦੇ ਹਨ, ਉਤਨੀ ਦੇਰ ਤਕ ਬੱਚੇ ਵੀ ਕਹਿਣਾ ਮੰਨਣਾਂ ਨਹੀਂ ਸਿਖਦੇ ਹਨ।** ਬੱਚੇ ਮਰਜੀ ਦੇ ਮਾਲਕ ਹੁੰਦੇ ਹਨ ਤੇ ਉਹ ਵੀ ਆਪਣੇ ਆਪ ਨੂੰ ਵੱਡਿਆਂ ਤੋਂ ਘਟ ਨਹੀਂ ਸਮਝਦੇ ਹਨ। ਇਸ ਲਈ ਸਿਖਲਾਈ ਛੋਟੀ ਉੱਮਰ ਤੋਂ ਹੀ ਆਰੰਭ ਕਰ ਦੇਣੀ ਚਾਹੀਦੀ ਹੈ। ਜਿਸ ਤਰ੍ਹਾਂ ਵੱਡਿਆਂ ਨੂੰ ਟੋਕਾ ਟਾਕੀ ਪਸੰਦ ਨਹੀਂ, ਠੀਕ ਉਸੇ ਤਰ੍ਹਾਂ ਬੱਚਿਆਂ ਨੂੰ ਵੀ ਟੋਕਾ ਟਾਕੀ ਪਸੰਦ ਨਹੀਂ। ਖੇਡ ਰਹੇ ਬੱਚੇ ਨੂੰ ਜੇਕਰ ਕੁਝ ਹੋਰ ਕੰਮ ਕਰਨ ਲਈ ਜਾਂ ਪੜ੍ਹਨ ਲਈ ਕਿਹਾ ਜਾਵੇ ਤਾਂ ਉਹ ਅਣਸੁਣਿਆ ਕਰ ਦਿੰਦਾ ਹੈ। ਵੱਡਿਆਂ ਵਾਂਗੂ ਬੱਚਿਆਂ ਨੂੰ ਵੀ ਜੋ ਉਹ ਕਰ ਰਹੇ ਹੁੰਦੇ ਹਨ, ਉਹੀ ਪਿਆਰਾ ਲਗਦਾ ਹੈ। ਕਈ ਵਾਰੀ ਇਹ ਵੀ ਹੁੰਦਾ ਹੈ, ਕਿ ਵਾਰ ਵਾਰ ਕਹਿਣ ਤੇ ਵੀ ਬੱਚੇ ਨਹੀਂ ਸੁਣਦੇ ਹਨ।

***"ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥ ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥" (੪੬੮-੪੬੯)***

**ਬਹੁਤ ਸਾਰੇ ਮਾਤਾ ਪਿਤਾ ਆਪਣੇ ਬੱਚਿਆਂ ਦੇ ਪਿਛੇ ਪਏ ਰਹਿੰਦੇ ਹਨ**, ਕਿ ਬੁਰਸ਼ ਕਰ, ਖਾਣਾਂ ਖਾ, ਸਫਾਈ ਰੱਖ, ਘਰ ਦਾ ਕੰਮ ਕਰ, ਜਲਦੀ ਸੌਂ, ਆਦਿ। ਕਈ ਵਾਰੀ ਬੱਚੇ ਪਰਵਾਹ ਤਕ ਨਹੀਂ ਕਰਦੇ, ਬਿਨਾ ਸੁਣੇ ਅਣਗੌਲਿਆ ਕਰ ਦਿੰਦੇ ਹਨ। ਜੇਕਰ ਮਾਤਾ ਪਿਤਾ ਆਪ ਖੁਦ ਦੇਰ ਨਾਲ ਸੌਂਦੇ ਹਨ, ਜਾਂ ਟੀ.ਵੀ. ਵੇਖਦੇ ਰਹਿੰਦੇ ਹਨ ਤਾਂ ਉਹ ਬੱਚਿਆਂ ਨੂੰ ਜਲਦੀ ਸੌਣ ਲਈ ਕਿਸ ਤਰ੍ਹਾਂ ਸਿਖਾ ਸਕਦੇ ਹਨ। ਬੱਚਿਆਂ ਨੂੰ ਮਾਤਾ ਪਿਤਾ ਦੀ ਸਿਖਿਆ ਇਸ ਤਰ੍ਹਾਂ ਲਗਦੀ ਹੈ, ਜਿਸ ਤਰ੍ਹਾਂ ਅਸੀਂ ਟੀ.ਵੀ. ਦੀ ਐਡ ਵੇਖਦੇ ਹਾਂ, ਜਬਰਦਸਤੀ ਵੇਖਣੀ ਤੇ ਸੁਣਨੀ ਤਾਂ ਪੈਂਦੀ ਹੈ, ਪਰੰਤੂ ਅਸੀਂ ਕੋਈ ਪਰਵਾਹ ਨਹੀਂ ਕਰਦੇ ਹਾਂ। ਇਸ ਲਈ ਬੱਚਿਆਂ ਦੇ ਪਿਛੇ ਪੈ ਕੇ ਜਾਂ ਡਰ ਪੈਦਾ ਕਰਕੇ ਕਹਿਣਾ ਮੰਨਣ ਦੀ ਆਦਤ ਨਹੀਂ ਪਾਣੀ ਹੈ, ਬਲਕਿ ਉਨ੍ਹਾਂ ਨਾਲ ਪਿਆਰ ਪਾ ਕੇ ਸਿਖਿਆ ਦੇਣੀ ਹੈ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ (੧੪੨੭)*

**ਕਈ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਲੰਮੇ ਲੰਮੇ ਲੈਕਚਰ ਦਿੰਦੇ ਰਹਿੰਦੇ ਹਨ:** ਬੱਚੇ ਕਿਨਾਂ ਕੁ ਸੁਣਦੇ ਹਨ, ਇਹ ਨਿਰਭਰ ਕਰਦਾ ਹੈ, ਕਿ ਮਾਤਾ ਪਿਤਾ ਬੱਚੇ ਨੂੰ ਕੀ ਬੋਲਦੇ ਹਨ, ਤੇ ਕਿਸ ਤਰ੍ਹਾਂ ਬੋਲਦੇ ਹਨ। ਬੱਚੇ ਇਹ ਸਮਝਣ ਲਗ ਜਾਂਦੇ ਹਨ ਕਿ ਮਾਤਾ ਪਿਤਾ ਨੂੰ ਤਾਂ ਬੋਲਣ ਦੀ ਆਦਤ ਹੈ, ਜਿਸ ਕਰਕੇ ਬੋਲਦੇ ਰਹਿੰਦੇ ਹਨ। ਬੱਚਾ ਜਿਆਦਾ ਲੰਮੀਆਂ ਗੱਲਾਂ ਨਹੀਂ ਸਮਝ ਸਕਦਾ ਹੈ, ਇਸ ਲਈ ਕੁਝ ਕੁ ਸ਼ਬਦਾਂ ਵਿਚ ਆਪਣੀ ਗੱਲ ਪੂਰੀ ਕਰਨੀ ਚਾਹੀਦੀ ਹੈ, ਤੇ ਬੱਚੇ ਨੂੰ ਆਪ ਬੋਲਣ ਦਾ ਮੌਕਾ ਵੀ ਦੇਣਾ ਚਾਹੀਦਾ ਹੈ। ਬੱਚੇ ਦੀ ਉਮਰ ਨੂੰ ਧਿਆਨ ਵਿਚ ਰੱਖਦੇ ਹੋਏ, ਸਥਿਤੀ ਅਨੁਸਾਰ ਬੱਚੇ ਨੂੰ ਸਰਲ ਤਰੀਕੇ ਨਾਲ ਸਮਝਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

*ਸਲੋਕ ਮਃ ੧ ॥ ਕੁਦਰਤਿ ਕਰਿ ਕੈ ਵਸਿਆ ਸੋਇ ॥ ਵਖਤੁ ਵੀਚਾਰੇ ਸੁ ਬੰਦਾ ਹੋਇ ॥ (੮੩, ੮੪)*

**ਕਈ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਕਹਿੰਦੇ ਰਹਿੰਦੇ ਹਨ, ਕਿ ਇਹ ਨਹੀਂ ਕਰਨਾ, ਇਸ ਤਰ੍ਹਾਂ ਨਹੀਂ ਕਰਨਾ, ਇਹ ਕਿਉਂ ਕੀਤਾ?** ਅਜੇਹੇ ਸ਼ਬਦਾ ਕਰਕੇ ਬੱਚਾ ਸੋਚਦਾ ਹੈ, ਕਿ ਉਸ ਨੂੰ ਧਮਕਾਇਆ ਜਾ ਰਿਹਾ ਹੈ, ਉਸ ਤੇ ਹਮਲਾ ਕੀਤਾ ਜਾ ਰਿਹਾ ਹੈ, ਉਸ ਦੇ ਸਵੈਭਿਮਾਨ ਤੇ ਚੋਟ ਮਾਰੀ ਜਾ ਰਹੀ ਹੈ। ਬੱਚਾ ਇਸ ਦਾ ਕਾਰਨ ਨਹੀਂ ਸਮਝ ਸਕਦਾ ਹੈ, ਜਿਸ ਕਰਕੇ ਬੱਚਾ ਸੁਣਨਾ ਬੰਦ ਕਰ ਦਿੰਦਾ ਹੈ।

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥ (੧੩੮੪)*

**ਕਈ ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਉੱਚੀ ਆਵਾਜ਼ ਵਿਚ ਬੁਲਾਉਂਣ ਦੀ ਆਦਤ ਹੁੰਦੀ ਹੈ।** ਜਿਸ ਕਰਕੇ ਬੱਚਿਆਂ ਦੀ ਵੀ ਆਦਤ ਬਣ ਜਾਂਦੀ ਹੈ, ਕਿ ਉਹ ਉਦੋਂ ਹੀ ਸੁਣਦੇ ਹਨ, ਜਦੋਂ ਉਨ੍ਹਾਂ ਨਾਲ ਉੱਚੀ ਆਵਾਜ਼ ਵਿਚ ਚੀਕ ਕੇ ਬੋਲਿਆ ਜਾਵੇ। ਗੁਰਬਾਣੀ ਤਾਂ ਸਾਨੂੰ ਮਿਠਾ ਬੋਲ ਕੇ ਪਿਆਰ ਪਾਣ ਦੀ ਸਿਖਿਆਂ ਦਿੰਦੀ ਹੈ।

**ਕਈ ਮਾਤਾ ਪਿਤਾ ਸੋਚਦੇ ਹਨ, ਕਿ ਉੱਚੀ ਆਵਾਜ਼ ਵਿਚ ਬੋਲਣ ਨਾਲ ਬੱਚੇ ਠੀਕ ਤਰ੍ਹਾਂ ਸੁਣਦੇ ਹਨ।** ਇਹ ਵੀ ਵੇਖਣ ਵਿਚ ਆਂਉਂਦਾ ਹੈ ਕਿ ਕਈ ਵਾਰੀ ਮਾਤਾ ਪਿਤਾ ਆਪਣੇ ਗੁਸੇ ਦੀ ਭੜਾਸ ਬੱਚੇ ਉੱਪਰ ਕੱਢ ਦਿੰਦੇ ਹਨ। ਅਜੇਹੀ ਹਾਲਤ ਵਿਚ ਬੱਚੇ ਇਕੱਲੇ ਰਹਿਣਾਂ ਠੀਕ ਸਮਝਦੇ ਹਨ ਤੇ ਨਾ ਤਾਂ ਕੋਈ ਗੱਲ ਕਰਦੇ ਹਨ ਤੇ ਨਾ ਹੀ ਸੁਣਦੇ ਹਨ। ਕੁਝ ਹਾਲਤਾਂ ਵਿਚ ਉਲਟਾ ਜਵਾਬ ਵੀ ਦੇ ਸਕਦੇ ਹਨ। ਅਜੇਹੀ ਸਥਿਤੀ ਵਿਚ ਬੱਚੇ ਨਾਲ ਹੌਲੀ ਤੇ ਪਿਆਰ ਨਾਲ ਗੱਲ ਕਰਨੀ ਚਾਹੀਦੀ ਹੈ। ਉੱਚੀ ਆਵਾਜ਼ ਵਿਚ ਚੀਕਣ ਨਾਲ ਕੋਈ ਲਾਭ ਨਹੀਂ ਹੋਣਾ ਹੈ।

*ਗੰਢੁ ਪਰੀਤੀ ਮਿਠੇ ਬੋਲ ॥ (੧੪੩)*

**ਕਈ ਵਾਰੀ ਜਦੋਂ ਕਿ ਬੱਚਾ ਆਪਣੇ ਕਿਸੇ ਹੋਰ ਕੰਮ ਵਿਚ ਰੁਝਾ ਹੁੰਦਾ ਹੈ ਤਾਂ ਮਾਤਾ ਪਿਤਾ ਬੱਚੇ ਨਾਲ ਗੱਲਾਂ ਕਰਨ ਲਗ ਪੈਂਦੇ ਹਨ ਜਾਂ ਉਸ ਨੂੰ ਕੁਝ ਕਹਿਣ ਲਗ ਪੈਂਦੇ ਹਨ।** ਅਜੇਹੀ ਸਥਿਤੀ ਵਿਚ ਜਾਂ ਤਾਂ ਬੱਚੇ ਦਾ ਧਿਆਨ ਹੀ ਨਹੀਂ ਹੁੰਦਾ ਹੈ ਤੇ ਜਾਂ ਬੱਚਾ ਉਸ ਵੱਲ ਆਪਣੀ ਤਵੋਜੋ ਨਹੀਂ ਦਿੰਦਾ ਹੈ। ਅਜੇਹੀ ਸਥਿਤੀ ਵਿਚ ਬੱਚੇ ਦਾ ਧਿਆਨ ਆਪਣੇ ਵੱਲ ਕੇਂਦਰਿਤ ਕਰਨਾ ਬਹੁਤ ਜਰੂਰੀ ਹੈ। ਬੱਚਿਆਂ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਸਾਂਝ ਪੈਦਾ ਕਰਨੀ ਬਹੁਤ ਸਹਾਇਕ ਹੁੰਦੀ ਹੈ।

*ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ ॥ ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥ (੧੦੮੬, ੧੦੮੭)*

**ਜੇਕਰ ਬੱਚੇ ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ, ਤਾਂ ਉਨ੍ਹਾਂ ਨਾਲ ਜਬਰਦਸਤੀ ਨਹੀਂ ਕਰਨੀ ਚਾਹੀਦੀ।** ਰੋਅਬ ਪਾਣ ਵਾਲੇ ਮਾਤਾ ਪਿਤਾ ਵਾਸਤੇ ਕਈ ਵਾਰੀ ਇਹ ਮੁਸ਼ਕਲ ਹੋ ਜਾਂਦਾ ਹੈ। ਕਈ ਵਾਰੀ ਤਾਂ ਬੱਚੇ ਸੁਣ ਲੈਂਦੇ ਹਨ, ਤੇ ਕਈ ਵਾਰੀ ਆਪਸ ਵਿਚ ਟਕਰਾਵ ਵੀ ਹੋ ਜਾਂਦਾ ਹੈ, ਜਿਸ ਕਰਕੇ ਬੱਚੇ ਸੁਣਨਾਂ ਬੰਦ ਕਰ ਦਿੰਦੇ ਹਨ। ਇਸ ਲਈ ਪਹਿਲਾਂ ਸਥਿਤੀ ਨੂੰ ਸਮਝਣਾ ਹੈ ਤੇ ਫਿਰ ਉਸ ਆਨੁਸਾਰ ਕਹਿਣਾ ਜਾਂ ਕਰਨਾ ਚਾਹੀਦਾ ਹੈ।

*ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥* (੧੪੧੦)

**ਮਾਤਾ ਪਿਤਾ ਨਾਲ ਰਹਿ ਕੇ ਬੱਚਿਆਂ ਨੂੰ ਵੀ ਪਤਾ ਲਗ ਜਾਂਦਾ ਹੈ ਕਿ ਮਾਤਾ ਪਿਤਾ ਕਿਸ ਤਰ੍ਹਾਂ ਦੀ ਸਥਿਤੀ ਵਿਚ ਕਿਨੀ ਵਾਰੀ ਬੁਲਾਉਂਣਗੇ।** ਜੇਕਰ ਬੱਚਾ ਇਕ ਦੋ ਵਾਰੀ ਕਹਿਣ ਨਾਲ ਨਹੀਂ ਸੁਣਦਾ ਹੈ ਤਾਂ ਵਾਰ ਵਾਰ ਕਹਿੰਣ ਨਾਲ ਕੋਈ ਫਾਇਦਾ ਨਹੀਂ ਹੋਣਾ ਹੈ। ਇਸ ਲਈ ਆਪਣੇ ਅੰਦਰ ਵੀਚਾਰਨਾ ਹੈ ਕਿ ਇਸ ਦਾ ਕੀ ਕਾਰਨ ਹੈ ਤੇ ਕਿਸ ਤਰ੍ਹਾਂ ਹਲ ਲੱਭਿਆ ਜਾ ਸਕਦਾ ਹੈ। ਜਿਸ ਤਰ੍ਹਾਂ ਅਕਾਲ ਪੁਰਖੁ ਨੂੰ ਵਾਰ ਵਾਰ ਕਿਸੇ ਖਾਸ ਨਾਂ ਨਾਲ ਬੁਲਾਣ ਨਾਲ ਕੋਈ ਲਾਭ ਨਹੀਂ ਹੋਣਾ ਹੈ, ਠੀਕ ਉਸੇ ਤਰ੍ਹਾਂ ਬੱਚੇ ਨੂੰ ਵਾਰ ਵਾਰ ਕਹਿਣ ਨਾਲ ਕੋਈ ਖਾਸ ਲਾਭ ਨਹੀਂ ਹੋਣਾ ਹੈ। ਜਿਸ ਤਰ੍ਹਾਂ ਅਕਾਲ ਪੁਰਖੁ ਨੂੰ ਪਾਣ ਲਈ ਉਸ ਦੇ ਗੁਣਾਂ ਨਾਲ ਸਾਂਝ ਪਾਣੀ ਹੈ, ਠੀਕ ਉਸੇ ਤਰ੍ਹਾਂ ਬੱਚੇ ਨਾਲ ਪ੍ਰੇਮ ਨਾਲ ਸਾਂਝ ਪਾਣੀ ਹੈ।

*ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥ ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥੧੮੪॥ (੧੩੭੪)*

**ਮਾਤਾ ਪਿਤਾ ਨੂੰ ਆਪਣੇ ਬੱਚਿਆਂ ਲਈ ਇਕ ਚੰਗਾ ਰੋਲ ਮਾਡਲ ਬਣਨਾ ਚਾਹੀਦਾ ਹੈ**: ਬੱਚੇ ਅਕਸਰ ਆਪਣੇ ਮਾਤਾ ਪਿਤਾ ਦੀ ਨਕਲ ਕਰਦੇ ਹਨ। ਜੇਕਰ ਮਾਤਾ ਪਿਤਾ ਆਪਣੇ ਬੱਚੇ ਦੀ ਗੱਲ ਧਿਆਨ ਨਾਲ ਸੁਣਦੇ ਹਨ ਤਾਂ ਬੱਚੇ ਵੀ ਮਾਤਾ ਪਿਤਾ ਦੀ ਗੱਲਾਂ ਧਿਆਨ ਨਾਲ ਸੁਣਨਾ ਸਿਖ ਜਾਂਦੇ ਹਨ। ਜੇਕਰ ਮਾਤਾ ਪਿਤਾ ਜਦੋਂ ਕਿਸੇ ਦੂਸਰੇ ਨਾਲ ਗੱਲਾਂ ਕਰਨ ਵੇਲੇ ਉਸ ਦੀ ਗੱਲ ਧਿਆਨ ਨਾਲ ਨਹੀਂ ਸੁਣਦੇ ਹਨ ਤਾਂ ਬੱਚੇ ਵੀ ਨਾ ਸੁਣਨ ਵਾਲੀ ਆਦਤ ਸਿਖ ਜਾਂਦੇ ਹਨ। ਆਪਣੇ ਜੀਵਨ ਸਾਥੀ ਨਾਲ ਨਾ ਤਾਂ ਉੱਚੀ ਬੋਲਣਾ ਚਾਹੀਦਾ ਹੈ ਤੇ ਨਾ ਹੀ ਲੜਨਾਂ ਚਾਹੀਦਾ ਹੈ, ਤੇ ਨਾ ਹੀ ਉਸ ਦੀ ਕਹੀ ਗੱਲ ਵੱਲ ਬੇਧਿਆਨੇ ਹੋਣਾ ਚਾਹੀਦਾ ਹੈ। ਬੱਚੇ ਇਹ ਸਭ ਕੁਝ ਵੇਖਦੇ ਰਹਿੰਦੇ ਹਨ ਤੇ ਮਾਤਾ ਪਿਤਾ ਦੀਆਂ ਨਕਲਾਂ ਵੀ ਲਾਂਉਂਦੇ ਰਹਿੰਦੇ ਹਨ। ਇਹ ਸਭ ਕੁਝ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਮਾਤਾ ਪਿਤਾ ਨੂੰ ਪਤਾ ਵੀ ਨਹੀਂ ਲਗਦਾ।

*ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥ (੩੮੧)*

*ਕਰਤਨ ਮਹਿ ਤੂੰ ਕਰਤਾ ਕਹੀਅਹਿ ਆਚਾਰਨ ਮਹਿ ਆਚਾਰੀ ॥ ਸਾਹਨ ਮਹਿ ਤੂੰ ਸਾਚਾ ਸਾਹਾ ਵਾਪਾਰਨ ਮਹਿ ਵਾਪਾਰੀ ॥੪॥ (੫੦੭, ੫੦੮)*

ਜੇਕਰ ਇਹ ਸਭ ਕੁਝ ਕਰਨ ਤੋਂ ਬਾਅਦ ਵੀ ਬੱਚੇ ਆਪਣੇ ਮਾਤਾ ਪਿਤਾ ਨੂੰ ਨਹੀਂ ਸੁਣਦੇ ਹਨ ਤਾਂ ਹੋ ਸਕਦਾ ਹੈ ਕੋਈ ਗੁਝਾ ਅੰਦਰੂਨੀ, ਪਰਿਵਾਰਿਕ ਜਾਂ ਸਰੀਰਕ ਕਾਰਨ ਹੋਵੇ। ਅਜੇਹੀ ਸਥਿਤੀ ਵਿਚ ਕਈ ਵਾਰੀ ਬੱਚੇ ਆਪਣੀ ਮੁਸ਼ਕਲ ਆਪਣੇ ਦੋਸਤਾਂ ਨਾਲ ਸਾਂਝੀ ਕਰ ਲੈਂਦੇ ਹਨ। ਜੇਕਰ ਕੋਈ ਸਰੀਰਕ ਕਾਰਨ, ਬੀਮਾਰੀ ਜਾਂ ਮਾਨਸਿਕ ਕਾਰਨ ਹੋਵੇ ਤਾਂ ਡਾਕਟਰ ਦੀ ਸਲਾਹ ਲੈ ਲੈਂਣੀ ਚਾਹੀਦੀ ਹੈ। ਗੁਰਬਾਣੀ ਤੋਂ ਸਿਖਿਆ ਲੈ ਕੇ ਤੇ ਉਸ ਅਨੁਸਾਰ ਚਲ ਕੇ ਅਸੀਂ ਆਪਣੇ ਬਹੁਤ ਸਾਰੇ ਮਾਨਸਿਕ ਰੋਗ ਤੇ ਤਨਾਵ ਦੂਰ ਹੋ ਸਕਦੇ ਹਨ। ਜਿਸ ਸਦਕਾ ਅਸੀਂ ਤੰਦਰੁਸਤ ਤੇ ਖੁਸ਼ਹਾਲ ਜੀਵਨ ਬਤੀਤ ਕਰ ਸਕਦੇ ਹਾਂ।

*ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ ਰਹਾਉ ॥ (੬੧੮)*

ਹੰਕਾਰੀ ਤੇ ਲਾਲਚੀ ਮਨੁੱਖ ਅਪਣੇ ਮਾਂ, ਪਿਉ, ਪੁੱਤਰ, ਧੀਆਂ ਤੇ ਮਾਇਆ ਨੂੰ ਹੀ ਸਭ ਕੁਝ ਸਮਝਦਾ ਹੈ, ਪਰ ਇਨ੍ਹਾਂ ਵਿਚੋਂ ਕੋਈ ਵੀ ਜੀਵ ਦਾ ਸਦਾ ਲਈ ਸਾਥੀ ਨਹੀਂ ਬਣ ਸਕਦਾ, ਤੇ ਦੁਖ ਆਉਣ ਤੇ ਵੀ ਸਹਾਈ ਨਹੀਂ ਹੋ ਸਕਦਾ ਹੈ। ਜੇ ਕਰ ਗੁਰੂ ਦੀ ਸੰਗਤ, ਭਾਵ ਬਾਣੀ ਨੂੰ ਆਪਣੇ ਹਿਰਦੇ ਵਿਚ ਟਿਕਾ ਲਈਏ ਤਾਂ ਸਾਰੇ ਦੁਖ ਤੇ ਕਲੇਸ਼ ਦੂਰ ਕਰ ਸਕਦੇ ਹਾਂ। ਅਕਾਲ ਪੁਰਖੁ ਆਪ ਸਭ ਜੀਵਾਂ ਵਿਚ ਵਿਆਪਕ ਹੈ। ਜੇ ਕਰ ਉਸ ਅਕਾਲ ਪੁਰਖੁ ਨੂੰ ਗੁਰਬਾਣੀ ਦੁਆਰਾ ਹਰੇਕ ਹਿਰਦੇ ਵਿਚ ਵਸਦਾ ਵੇਖ ਲਈਏ ਤੇ ਹਮੇਸ਼ਾਂ ਯਾਦ ਰੱਖੀਏ ਤਾਂ ਦੁਖ ਸਾਡੇ ਉਤੇ ਕੋਈ ਜ਼ੋਰ ਨਹੀਂ ਪਾ ਸਕਣਗੇ।

*ਬਿਲਾਵਲੁ ਮਹਲਾ ੫ ॥ ਮਾਤ ਪਿਤਾ ਸੁਤ ਸਾਥਿ ਨ ਮਾਇਆ ॥ ਸਾਧਸੰਗਿ ਸਭੁ ਦੂਖੁ ਮਿਟਾਇਆ ॥੧॥ ਰਵਿ ਰਹਿਆ ਪ੍ਰਭੁ ਸਭ ਮਹਿ ਆਪੇ ॥ ਹਰਿ ਜਪੁ ਰਸਨਾ ਦੁਖੁ ਨ ਵਿਆਪੇ ॥੧॥ ਰਹਾਉ ॥ (੮੦੪)*

ਇਸ ਲਈ ਜੇਕਰ ਅਸੀਂ ਗੁਰਬਾਣੀ ਨੂੰ ਆਪਣਾ ਸਾਥੀ ਤੇ ਸਹਾਇਕ ਬਣਾ ਲਈਏ ਤਾਂ ਅਸੀਂ ਆਪਣੀਆਂ ਸਾਰੀਆਂ ਮੁਸ਼ਕਲਾਂ ਤੇ ਕਾਬੂ ਪਾ ਸਕਦੇ ਹਾਂ, ਜੀਵਨ ਨੂੰ ਸਹੀ ਦਿਸ਼ਾਂ ਦੇ ਕੇ ਆਪਣਾ ਤੇ ਆਪਣੇ ਬੱਚਿਆਂ ਦਾ ਜੀਵਨ ਖੁਸ਼ਹਾਲ ਬਣਾ ਸਕਦੇ ਹਾਂ।

***ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥ (੬੬੭)***

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

### ਬੱਚੇ ਮਾਤਾ ਪਿਤਾ ਦਾ ਕਹਿਣਾ ਕਿਉਂ ਨਹੀਂ ਮੰਨਦੇ ਹਨ? (ਭਾਗ ੩)

### Why children do not listen to the parents? (Part 3)

## ਅਸੀਂ ਆਪਣੇ ਬੱਚਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਕਿਸ ਤਰ੍ਹਾਂ ਸੁਧਾਰ ਸਕਦੇ ਹਾਂ

## How to improve our way of talking with the children

ਮਨੁੱਖ ਇਕ ਸਮਾਜਕ ਪ੍ਰਾਣੀ ਹੈ, ਜਿਸ ਕਰਕੇ ਉਹ ਸਮਾਜ ਤੇ ਪਰਿਵਾਰ ਵਿਚ ਇੱਕਠਾ ਰਹਿੰਦਾ ਹੈ। ਪਰਿਵਾਰਕ ਜੀਵਨ ਵਿਚ ਸੁਖ ਤੇ ਸ਼ਾਂਤੀ ਤਾਂ ਹੀ ਆ ਸਕਦੀ ਹੈ, ਜੇਕਰ ਸਾਰਾ ਪਰਿਵਾਰ ਆਪਸੀ ਸਾਂਝ ਤੇ ਤਾਲਮੇਲ ਨਾਲ ਰਹਿ ਰਿਹਾ ਹੋਵੇ। ਇਸ ਲਈ ਜਰੂਰੀ ਹੈ ਕਿ ਮਾਤਾ ਪਿਤਾ ਤੇ ਬੱਚੇ ਆਪਸ ਵਿਚ ਠੀਕ ਤਰ੍ਹਾਂ ਗਲਬਾਤ ਕਰਣ ਤੇ ਆਪਸ ਵਿਚ ਇਕ ਦੂਜੇ ਨਾਲ ਪ੍ਰੇਮ ਤੇ ਸਤਿਕਾਰ ਵਾਲਾ ਵਰਤਾਉ ਕਰਣ। ਮਾਤਾ ਪਿਤਾ ਦਾ ਠੀਕ ਤਰ੍ਹਾਂ ਗਲਬਾਤ ਕਰਨ ਨਾਲ ਬੱਚਿਆਂ ਦੇ ਵਿਕਾਸ ਉੱਪਰ ਬਹੁਤ ਡੂੰਘਾ ਅਸਰ ਪੈਂਦਾ ਹੈ। ਮਾਤਾ ਪਿਤਾ ਬੱਚਿਆਂ ਲਈ ਇਕ ਰੋਲ ਮਾਡਲ ਦਾ ਕੰਮ ਕਰਕੇ ਉਨ੍ਹਾਂ ਨੂੰ ਸਫਲ ਜੀਵਨ ਬਤੀਤ ਕਰਨ ਵਿਚ ਸਹਾਇਤਾ ਕਰ ਸਕਦੇ ਹਨ।

***ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ*** *॥੬॥ (੨੯੩)*

**ਹੇਠ ਲਿਖੇ ਬਹੁਤ ਸਾਰੇ ਤਰੀਕੇ ਹਨ ਜਿਨ੍ਹਾਂ ਨਾਲ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਸੁਧਾਰ ਸਕਦੇ ਹਨ:**

**ਬੱਚੇ ਨੂੰ ਨਾਂ ਲੈਕੇ ਬੁਲਾਉਂਣਾਂ**: ਜਿਸ ਤਰ੍ਹਾਂ ਸਾਨੂੰ ਆਪਣਾ ਨਾਂ ਸੁਣਨਾਂ ਚੰਗਾ ਲਗਦਾ ਹੈ, ਇਸੇ ਤਰ੍ਹਾਂ ਬੱਚਿਆਂ ਨੂੰ ਵੀ ਆਪਣਾ ਨਾਂ ਸੁਣਨਾਂ ਬਹੁਤ ਚੰਗਾ ਲਗਦਾ ਹੈ। ਨਾਂ ਲੈਂਣ ਨਾਲ ਬੱਚੇ ਦਾ ਧਿਆਨ ਸਾਡੇ ਵੱਲ ਖਿਚਿਆ ਜਾਂਦਾ ਹੈ, ਜਿਸ ਨਾਲ ਅਸੀਂ ਆਪਣੀ ਗੱਲ, ਬੱਚੇ ਨੂੰ ਚੰਗੀ ਤਰ੍ਹਾਂ ਸਮਝਾਂ ਸਕਦੇ ਹਾਂ। ਛੋਟੇ ਬੱਚੇ ਇਕ ਸਮੇਂ, ਇਕ ਗੱਲ ਤੇ ਹੀ ਧਿਆਨ ਦੇ ਸਕਦੇ ਹਨ। ਇਸ ਲਈ ਬੱਚੇ ਦਾ ਨਾਂ ਲੈਂਣ ਨਾਲ ਬੱਚੇ ਦਾ ਧਿਆਨ ਸਾਡੇ ਵੱਲ ਆਪਣੇ ਆਪ ਖਿਚਿਆ ਜਾਂਦਾ ਹੈ, ਜੋ ਕਿ ਸਬੰਧ ਬਣਾਉਂਣ ਵਿਚ ਬਹੁਤ ਸਹਾਈ ਹੁੰਦਾ ਹੈ। ਬੱਚਿਆਂ ਨਾਲ ਆਪਣੇ ਦੋਸਤਾਂ ਦੀ ਤਰ੍ਹਾਂ ਸਬੰਧ ਬਣਾਣੇ ਹਨ।

***ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ*** *॥ ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥ (੬੭੧)*

**ਨਹੀਂ ਦੀ ਥਾਂ, ਹਾਂ ਵਾਲੀ ਭਾਸ਼ਾ ਵਰਤਣੀ:** ਕਈ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਕਹਿੰਦੇ ਰਹਿੰਦੇ ਹਨ, ਕਿ ਇਹ ਨਹੀਂ ਕਰਨਾ, ਉਹ ਨਹੀਂ ਕਰਨਾ, ਇਸ ਤਰ੍ਹਾਂ ਨਹੀਂ ਕਰਨਾ, ਇਹ ਕਿਉਂ ਕੀਤਾ। ਅਜੇਹੇ ਨਿਰਾਰਥਕ ਸ਼ਬਦਾ ਕਰਕੇ ਬੱਚਾ ਸੋਚਦਾ ਹੈ ਕਿ ਉਸ ਨੂੰ ਧਮਕਾਇਆ ਜਾ ਰਿਹਾ ਹੈ, ਉਸ ਤੇ ਹਮਲਾ ਕੀਤਾ ਜਾ ਰਿਹਾ ਹੈ, ਉਸ ਦੇ ਸਵੈਭਿਮਾਨ ਤੇ ਚੋਟ ਮਾਰੀ ਜਾ ਰਹੀ ਹੈ। ਬੱਚਾ ਇਸ ਦਾ ਕਾਰਨ ਨਹੀਂ ਸਮਝ ਸਕਦਾ, ਜਿਸ ਕਰਕੇ ਬੱਚਾ ਸੁਣਨਾ ਬੰਦ ਕਰ ਦਿੰਦਾ ਹੈ। ਅਜੇਹੀ ਭਾਸ਼ਾ ਵਰਤਣ ਦੀ ਥਾਂ ਬੱਚੇ ਨੂੰ ਪੁਛੋ ਕਿ ਬੇਟਾ ਤੂੰ ਕੀ ਕਰਨਾ ਚਾਹੁੰਦਾ ਹੈ, ਕਿਸ ਤਰ੍ਹਾਂ ਕਰਨਾ ਚਾਹੁੰਦਾ ਹੈ। ਇਸ ਵਾਸਤੇ ਸੋਚ ਵਿਚਾਰ ਤੇ ਅਭਿਆਸ ਦੀ ਲੋੜ ਹੈ। ਬੱਚੇ ਨੂੰ ਸ਼ਰਮਿੰਦਾ ਕਰਨਾ, ਗਾਲਾਂ ਕੱਢਣੀਆਂ ਤੇ ਡਾਂਟਣ ਨਾਲ ਕੋਈ ਲਾਭ ਨਹੀਂ ਹੋਣਾ ਹੈ, ਬਲਕਿ ਅਜੇਹਾ ਕਰਨ ਨਾਲ ਬੱਚੇ ਦਾ ਮਨੋਬਲ ਘਟਦਾ ਹੈ। ਅਜੇਹੇ ਹਾਲਾਤ ਵਿਚ ਬੱਚਾ ਗਲਬਾਤ ਕਰਨੀ ਬੰਦ ਕਰ ਦਿੰਦਾ ਹੈ। ਸਾਰਥਕ ਸ਼ਬਦਾ ਨਾਲ ਬੱਚੇ ਦਾ ਮਨੋਬਲ ਵਧਦਾ ਹੈ, ਬੱਚਾ ਹਿੰਮਤੀ ਬਣਦਾ ਹੈ, ਖੁਸ਼ ਰਹਿੰਦਾ ਹੈ, ਕਹਿਣਾ ਮੰਨਦਾ ਹੈ ਤੇ ਵੱਡਿਆਂ ਦੀ ਇਜ਼ਤ ਕਰਨੀ ਵੀ ਸਿਖ ਜਾਂਦਾ ਹੈ।

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥ (੪੩੩)***

**ਬੱਚਿਆਂ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਸਾਂਝ ਪੈਦਾ ਕਰਨੀ:** ਕਈ ਵਾਰੀ ਜਦੋਂ ਬੱਚਾ ਆਪਣੇ ਕਿਸੇ ਹੋਰ ਕੰਮ ਵਿਚ ਰੁਝਾ ਹੁੰਦਾ ਹੈ ਤਾਂ ਮਾਤਾ ਪਿਤਾ ਬੱਚੇ ਨਾਲ ਗੱਲਾਂ ਕਰਨ ਲਗ ਪੈਂਦੇ ਹਨ ਜਾਂ ਉਸ ਨੂੰ ਕੁਝ ਕਹਿਣ ਲਗ ਪੈਂਦੇ ਹਨ। ਅਜੇਹੀ ਸਥਿਤੀ ਵਿਚ ਜਾਂ ਤਾਂ ਬੱਚੇ ਦਾ ਧਿਆਨ ਹੀ ਨਹੀਂ ਹੁੰਦਾ ਹੈ ਤੇ ਜਾਂ ਬੱਚਾ ਉਸ ਵੱਲ ਆਪਣੀ ਤਵੱਜੋ ਨਹੀਂ ਦਿੰਦਾ। ਅਜੇਹੀ ਸਥਿਤੀ ਵਿਚ ਬੱਚੇ ਦਾ ਧਿਆਨ ਆਪਣੇ ਵੱਲ ਕੇਂਦਰਿਤ ਕਰਨਾ ਬਹੁਤ ਜਰੂਰੀ ਹੈ। ਬੱਚੇ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਸਾਂਝ ਪੈਦਾ ਕਰਨੀ ਬਹੁਤ ਸਹਾਇਕ ਹੁੰਦੀ ਹੈ। ਆਪ ਨੀਵੇਂ ਹੋ ਕੇ ਜਾਂ ਬੱਚੇ ਨੂੰ ਮੇਜ ਤੇ ਬਿਠਾ ਕੇ ਇਕੋ ਜਿਹੀ ਉਚਾਈ ਤੇ ਹੋ ਕੇ ਗੱਲਬਾਤ ਕਰਨੀ ਚਾਹੀਦੀ

ਹੈ। ਬੱਚੇ ਲਈ ਆਪਣਾ ਉਚੇਚਾ ਸਮਾਂ ਕੱਢਣਾ ਚਾਹੀਦਾ ਹੈ ਤੇ ਉਸ ਦੀ ਗੱਲ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਬੱਚਾ ਚੰਗੀਆਂ ਆਦਤਾਂ ਸਿਖਦਾ ਹੈ।

**ਉੱਚੀ ਆਵਾਜ਼ ਵਿਚ ਨਹੀਂ ਬੋਲਣਾ**: ਜੇਕਰ ਬੱਚਾ ਉੱਚੀ ਆਵਾਜ਼ ਵਿਚ ਗੁਸੇ ਨਾਲ ਜਾਂ ਨਾਰਾਜਗੀ ਕਰਕੇ ਬੋਲ ਰਿਹਾ ਹੋਵੇ ਤਾਂ ਮਾਤਾ ਪਿਤਾ ਨੂੰ ਠਰੱਮੇ ਨਾਲ ਕੰਮ ਲੈਂਣਾਂ ਚਾਹੀਦਾ ਹੈ ਤੇ ਉੱਚੀ ਆਵਾਜ਼ ਵਿਚ ਨਹੀਂ ਬੋਲਣ ਚਾਹੀਦਾ। ਖਤਰੇ ਦੀ ਸਥਿਤੀ ਸਮੇਂ ਉੱਚੀ ਆਵਾਜ਼ ਵਿਚ ਕਹਿਣ ਲਈ ਕੋਈ ਹਰਜ਼ ਨਹੀਂ, ਪਰੰਤੂ ਰੋਜ਼ ਦੀ ਆਦਤ ਠੀਕ ਨਹੀਂ। ਇਸ ਨੂੰ ਬੱਚਾ ਚਿਤਾਵਨੀ ਦੀ ਤਰ੍ਹਾਂ ਸਮਝੇਗਾ ਤੇ ਅੱਗੇ ਤੋਂ ਧਿਆਨ ਰੱਖੇਗਾ ਕਿ ਦੁਬਾਰਾ ਨਾ ਹੋਵੇ। ਅਜੇਹੀ ਸਥਿਤੀ ਵਿਚ ਬੱਚੇ ਕੋਲ ਜਾ ਕੇ ਉਸ ਨੂੰ ਠੀਕ ਤਰ੍ਹਾਂ ਪਿਆਰ ਨਾਲ ਸਮਝਾਂਣਾ ਹੈ ਤਾਂ ਜੋ ਅੱਗੇ ਤੋਂ ਸੁਚੇਤ ਰਹੇ।

***ਗੰਢੁ ਪਰੀਤੀ ਮਿਠੇ ਬੋਲ*** *॥ (੧੪੩)*

**ਸਿਧਾ ਮਨਾਹ ਕਰਨ ਦੀ ਬਜਾਏ, ਹੋਰ ਯੋਗ ਤਰੀਕਾ ਵਰਤੋ ਤੇ ਸੁਝਾਅ ਦੱਸੋ:** ਕਈ ਵਾਰੀ ਜਦੋਂ ਕਿ ਬੱਚਾ ਆਪਣੀ ਮਨ ਮਰਜੀ ਕਰਨਾ ਚਾਹੁੰਦਾ ਹੈ, ਪਰੰਤੂ ਮਾਤਾ ਪਿਤਾ ਨੂੰ ਉਹ ਠੀਕ ਨਹੀਂ ਲਗਦੀ। ਅਜੇਹੀ ਸਥਿਤੀ ਵਿਚ ਬੱਚੇ ਨੂੰ ਸਮਝਾਂਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਤੇ ਜੇਕਰ ਬੱਚਾ ਨਾ ਮੰਨੇ ਤਾਂ ਸਿਧੀ ਨਾ ਕਰਨ ਦੀ ਬਜਾਏ, ਕੋਈ ਹੋਰ ਯੋਗ ਤਰੀਕਾ ਦੱਸਣਾ ਚਾਹੀਦਾ ਹੈ। ਲਾਭ ਤੇ ਨੁਕਸਾਨ ਸਮਝਾਂਣੇ ਚਾਹੀਦੇ ਹਨ। ਉਦਾਹਰਣ ਦੇ ਤੌਰ ਤੇ, ਜੇਕਰ ਕਪੜੇ ਪਾ ਲਏਗਾ ਤਾਂ ਡੈਡੀ ਤੈਨੂੰ ਬਾਹਰ ਘੁਮਾਣ ਵਾਸਤੇ ਲੈ ਕੇ ਜਾਣਗੇ, ਸਕੂਲ ਦਾ ਕੰਮ ਕਰ ਲਵੇਗਾ ਤਾਂ ਟੀ.ਵੀ. ਵੇਖ ਸਕਦਾ ਹੈ, ਕਿਹੜੀ ਕਿਤਾਬ ਚੰਗੀ ਲਗਦੀ ਹੈ, ਸਕੂਲ ਵਾਸਤੇ ਤਿਆਰ ਹੋਣ ਤੋਂ ਬਾਅਦ ਖਿਲੌਣਿਆਂ ਨਾਲ ਖੇਡ ਸਕਦਾ ਹੈ, ਆਦਿ। ਮਾਤਾ ਪਿਤਾ ਨੂੰ ਆਪਣੇ ਕੰਮਾਂ ਕਾਜਾਂ ਵਿਚ ਸਹਾਇਤਾ ਕਰਨ ਲਈ ਬੱਚਿਆਂ ਨੂੰ ਨਾਲ ਲਾਉਂਣਾ ਚਾਹੀਦਾ ਹੈ। ਮਾਤਾ ਪਿਤਾ ਦੇ ਅੰਦਰ ਸਬਰ ਸੰਤੋਖ ਹੋਣਾ ਚਾਹੀਦਾ ਹੈ ਤਾਂ ਜੋ ਆਪਣੇ ਬੱਚਿਆਂ ਨੂੰ ਧਿਆਨ ਨਾਲ ਸਮਝ ਸਕਣ ਤੇ ਲੋੜ ਅਨੁਸਾਰ ਸਿਖਿਆ ਦੇ ਸਕਣ।

***ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍ ॥ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ*** *॥੧੧੬॥ (੧੩੮੪)*

**ਸਮਝਾਂਣ ਦਾ ਤਰੀਕਾ ਛੋਟਾ ਤੇ ਸਪੱਸ਼ਟ**: ਛੋਟੇ ਬੱਚਿਆਂ ਦੀ ਬੁਧੀ ਦਾ ਵਿਕਾਸ ਪੂਰਾ ਨਹੀਂ ਹੋਇਆ ਹੁੰਦਾ ਹੈ। ਉਨ੍ਹਾਂ ਨੂੰ ਬਹੁਤ ਸਾਰੀਆਂ ਹਦਾਇਤਾ ਇਕੋ ਵਾਰੀ ਦੇਣ ਨਾਲ ਸਮਝ ਨਹੀਂ ਆਂਉਂਦੀਆਂ ਹਨ। ਸਿਖਿਆਵਾਂ ਛੋਟੀਆਂ ਤੇ ਸਮੇਂ ਦੇ ਵਕਫੇ ਨਾਲ ਦੇਣੀਆਂ ਚਾਹੀਦੀਆਂ ਹਨ। ਸਾਰੇ ਮਾਤਾ ਪਿਤਾ ਆਪਣਿਆਂ ਬੱਚਿਆਂ ਨੂੰ ਸੁਧਾਰਨਾਂ ਚਾਹੁੰਦੇ ਹਨ, ਪਰੰਤੂ ਇਹ ਸਭ ਕੁਝ ਬੱਚਿਆਂ ਦੀ ਉਮਰ ਤੇ ਸਤੱਰ ਵੇਖ ਕੇ ਕਰਨਾ ਚਾਹੀਦੀ ਹੈ। ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ, ਕਿ ਬੱਚਾ ਕਿਨਾਂ ਕੁ ਧਿਆਨ ਨਾਲ ਸੁਣ ਰਿਹਾ ਹੈ। ਗੁਰੂ ਦੀ ਮਤ ਸੁਣਨ ਨਾਲ ਤੇ ਜੀਵਨ ਵਿਚ ਅਪਨਾਣ ਨਾਲ ਮਨੁੱਖਾ ਜੀਵਨ ਸਫਲ ਹੋ ਸਕਦਾ ਹੈ। ਇਸ ਲਈ ਹਮੇਸ਼ਾਂ ਧਿਆਨ ਵਿਚ ਰੱਖਣਾ ਹੈ, ਕਿ ਮਾਤਾ ਪਿਤਾ ਦੁਆਰਾ ਗੁਰੂ ਦੀ ਲਈ ਹੋਈ ਮਤ, ਬੱਚਿਆਂ ਤਕ ਪਹੁੰਚ ਰਹੀ ਹੈ ਕਿ ਨਹੀਂ। ਜੇਕਰ ਅਜੇਹਾ ਨਹੀਂ ਹੋ ਰਿਹਾ ਹੈ ਤਾਂ ਉਸ ਦੇ ਕਾਰਣ ਤੇ ਹਲ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

***ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ (੨)***

**ਬੱਚਿਆਂ ਨੂੰ ਪ੍ਰੇਸ਼ਾਨ ਕਰਨਾ ਤੇ ਨਿੰਦਣਾ ਨਹੀਂ**: ਇਹ ਬਹੁਤ ਜਰੂਰੀ ਹੈ ਕਿ ਬੱਚਿਆਂ ਦੇ ਚੰਗੇ ਕੰਮਾਂ ਦੀ ਸ਼ਲਾਘਾ ਕੀਤੀ ਜਾਵੇ। ਚੰਗੀਆਂ ਉਪਲਬਧੀਆਂ ਤੇ ਕਹਿਣਾਂ ਮੰਨਣ ਲਈ ਇਨਾਮ ਵੀ ਦੇਣੇ ਚਾਹੀਦੇ ਹਨ। ਬੱਚਿਆਂ ਦਾ ਟਾਈਮ ਟੇਬਲ ਬਣਾਣਾ ਚਾਹੀਦਾ ਹੈ, ਕਿ ਉਨ੍ਹਾਂ ਨੇ ਕਿਸ ਸਮੇਂ ਕੀ ਕਰਨਾ ਹੈ। ਜੇਕਰ ਕੋਈ ਖੇਡਣ ਵੇਲੇ ਰੋਕੇ ਤਾਂ ਬੱਚਿਆਂ ਨੂੰ ਚੰਗਾ ਨਹੀਂ ਲਗਦਾ ਹੈ। ਜੇਕਰ ਬੱਚੇ ਦਾ ਟਾਈਮ ਟੇਬਲ ਬਣਿਆ ਹੋਵੇਗਾ ਤਾਂ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਹੋਵੇਗਾ ਕਿ ਕੀ ਕਰਨਾ ਹੈ, ਇਸ ਲਈ ਡਾਂਟਣ ਦੀ ਲੋੜ ਨਹੀਂ ਪਵੇਗੀ।

***ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥*** *ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥ (੧੩੮੪)*

**ਮਾਤਾ ਪਿਤਾ ਨੂੰ ਆਪਣੇ ਬੱਚਿਆਂ ਲਈ ਇਕ ਚੰਗਾ ਰੋਲ ਮਾਡਲ ਬਣਨਾ**: ਜੇਕਰ ਮਾਤਾ ਪਿਤਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਚੰਗੇ ਬਣਨ ਤਾਂ ਜਰੂਰੀ ਹੈ ਕਿ ਘਰ ਵਿਚ ਵੀ ਉਸੇ ਅਨੁਸਾਰ ਮਹੌਲ ਹੋਵੇ। ਬੱਚੇ ਅਕਸਰ ਆਪਣੇ ਮਾਤਾ ਪਿਤਾ ਦੀ ਨਕਲ ਕਰਦੇ ਹਨ। ਇਸ ਲਈ ਮਾਤਾ ਪਿਤਾ ਨੂੰ ਬੱਚਿਆਂ ਲਈ ਇਕ ਚੰਗਾ ਰੋਲ ਮਾਡਲ ਬਣਨਾ ਚਾਹੀਦਾ ਹੈ। ਜੇਕਰ ਮਾਤਾ ਪਿਤਾ ਆਪਣੇ ਬੱਚਿਆਂ ਦੀ ਗੱਲ ਧਿਆਨ ਨਾਲ ਸੁਣਦੇ ਹਨ ਤਾਂ ਬੱਚੇ ਵੀ ਮਾਤਾ ਪਿਤਾ ਦੀ ਗੱਲਾਂ ਧਿਆਨ ਨਾਲ ਸੁਣਨਾ ਸਿਖ ਜਾਂਦੇ ਹਨ। ਜੇਕਰ ਮਾਤਾ ਪਿਤਾ ਜਦੋਂ ਕਿਸੇ ਦੂਸਰੇ ਨਾਲ ਗੱਲਾਂ ਕਰਨ ਵੇਲੇ, ਉਸ ਦੀ ਗੱਲ ਨਹੀਂ ਸੁਣਦੇ ਹਨ ਤਾਂ ਬੱਚੇ ਵੀ ਨਾ ਸੁਣਨ ਵਾਲੀ ਆਦਤ ਸਿਖ ਜਾਂਦੇ ਹਨ। ਆਪਣੇ ਜੀਵਨ ਸਾਥੀ ਨਾਲ ਨਾ ਤਾਂ ਉੱਚੀ ਬੋਲਣਾ ਚਾਹੀਦਾ ਹੈ ਤੇ ਨਾ ਹੀ ਲੜਨਾਂ ਚਾਹੀਦਾ ਹੈ, ਤੇ ਨਾ ਹੀ ਉਸ ਦੀ

ਕਹੀ ਗੱਲ ਵੱਲ ਬੇਧਿਆਨੇ ਹੋਣਾ ਚਾਹੀਦਾ ਹੈ। ਬੱਚੇ ਇਹ ਸਭ ਕੁਝ ਵੇਖਦੇ ਰਹਿੰਦੇ ਹਨ ਤੇ ਮਾਤਾ ਪਿਤਾ ਦੀਆਂ ਨਕਲਾਂ ਵੀ ਲਾਂਉਂਦੇ ਰਹਿੰਦੇ ਹਨ। ਇਹ ਸਭ ਕੁਝ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਮਾਤਾ ਪਿਤਾ ਨੂੰ ਪਤਾ ਵੀ ਨਹੀਂ ਲਗਦਾ। ਨਿਮਰਤਾ ਨਾਲ ਬੋਲਣਾ, ਧੰਨਵਾਦ ਕਰਨਾ, ਝੂਠ ਨਹੀਂ ਬੋਲਣਾ, ਆਏ ਗਏ ਦਾ ਸਵਾਗਤ ਕਰਨਾ, ਵੱਡਿਆਂ ਦੀ ਇਜ਼ਤ ਕਰਨਾ, ਆਦਿ ਸਭ ਕੁਝ ਬੱਚੇ, ਮਾਤਾ ਪਿਤਾ ਭੈਣ ਭਰਾ ਰਿਸ਼ਤੇਦਾਰਾਂ ਤੇ ਆਸੇ ਪਾਸੇ ਦੇ ਲੋਕਾਂ ਵੱਲ ਵੇਖ ਕੇ ਹੀ ਸਿਖਦੇ ਹਨ।

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥ (੧੩੮੪)*

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ੫ ॥ (੬੨)*

**ਨਿਮਰਤਾ, ਸ਼ਾਂਤੀ ਤੇ ਦ੍ਰਿੜਤਾ**: ਜੇਕਰ ਕੋਈ ਪੱਕਾ ਫੈਸਲਾ ਕੀਤਾ ਗਿਆ ਹੈ ਤਾਂ ਉਸ ਤੇ ਦ੍ਰਿੜ ਰਹਿੰਣਾ ਚਾਹੀਦਾ ਹੈ। ਅਜੇਹੇ ਫੈਸਲਾ ਕਰਨ ਲਈ ਆਪਣੇ ਜੀਵਨ ਸਾਥੀ ਦੀ ਸਹਿਮਤੀ ਤੇ ਸਾਥ ਜਰੂਰੀ ਹੈ। ਹੋ ਸਕਦਾ ਹੈ ਕਿ ਬੱਚਿਆਂ ਨੂੰ ਭਾਂਵੇਂ ਮਾਤਾ ਜਾਂ ਪਿਤਾ ਦੀ ਇਹ ਗੱਲ ਪਸੰਦ ਨਾ ਆਵੇ ਤੇ ਉਹ ਪਿਤਾ ਜਾਂ ਮਾਤਾ ਦਾ ਆਸਰਾ ਲੈਣ ਦੀ ਕੋਸ਼ਿਸ਼ ਕਰ ਸਕਦਾ ਹੈ। ਇਸ ਲਈ ਦੋਵਾਂ ਨੂੰ ਦ੍ਰਿੜ ਰਹਿੰਣਾ ਚਾਹੀਦਾ ਹੈ, ਤੇ ਆਪਣੀ ਗੱਲ ਪਿਆਰ ਨਾਲ ਸਮਝਾਂਣੀ ਚਾਹੀਦੀ ਹੈ। ਇਹ ਦ੍ਰਿੜਤਾਂ ਰੋਜ਼ਾਨਾ ਦੀ ਆਦਤ ਨਹੀਂ ਬਣ ਜਾਣੀ ਚਾਹੀਦੀ ਹੈ, ਕਿਉਂਕਿ ਵਾਰ ਵਾਰ ਅਜੇਹੇ ਹਾਲਾਤ ਵਿਚ ਬੱਚਾ ਇਕੱਲਾ ਤੇ ਬੇਸਹਾਰਾ ਸਮਝਣ ਲਗ ਜਾਂਦਾ ਹੈ। ਦ੍ਰਿੜਤਾਂ ਤੇ ਕਾਇਮ ਰਹਿੰਦੇ ਹੋਏ, ਹੋਰ ਬਾਕੀ ਸਭ ਕੰਮ ਨਿਮਰਤਾ, ਸ਼ਾਂਤੀ ਤੇ ਪਿਆਰ ਨਾਲ ਹੋਣੇ ਚਾਹੀਦੇ ਹਨ।

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (੧੪੧੨)*

**ਸੋਚਣ ਸ਼ਕਤੀ ਪੈਦਾ ਕਰਨ ਵਾਲੇ ਸਵਾਲ ਜੁਆਬ**: ਬੱਚਿਆਂ ਦੇ ਮਾਨਸਕ ਵਿਕਾਸ ਲਈ ਉਨ੍ਹਾਂ ਦੀ ਸੋਚਣ ਸ਼ਕਤੀ ਵਧਾਉਂਣੀ ਬਹੁਤ ਜਰੂਰੀ ਹੈ। ਉਸ ਲਈ ਸਿਰਫ ਹਾਂ, ਜਾਂ ਨਾ, ਵਿਚ ਉੱਤਰ ਲੈਂਣ ਦੀ ਬਜਾਏ, ਇਹ ਪੁਛਿਆ ਜਾ ਸਕਦਾ ਹੈ, ਕਿ ਉਸ ਨੇ ਕਿਸ ਤਰ੍ਹਾਂ ਕੀਤਾ, ਕੌਣ ਕੌਣ ਉਸ ਨੂੰ ਪਾਰਟੀ ਵਿਚ ਮਿਲਿਆ ਸੀ, ਉਸ ਨਾਲ ਕਿਹੜੀਆਂ ਕਿਹੜੀਆਂ ਗੱਲਾਂ ਕੀਤੀਆਂ ਸਨ, ਪਾਰਕ ਜਾਂ ਮਿਉਜ਼ੀਅਮ ਵਿਚ ਕੀ ਕੁਝ ਵੇਖਿਆ, ਕਿਹੜੀ ਚੀਜ ਜਿਆਦਾ ਪਸੰਦ ਆਈ, ਆਦਿ। ਅਜੇਹਾ ਕਰਨ ਨਾਲ ਬੱਚੇ ਦੀ ਸੋਚਣ ਸ਼ਕਤੀ ਵਿਚ ਵਾਧਾ ਹੁੰਦਾ ਹੈ ਤੇ ਬੱਚੇ ਦੇ ਵੀਚਾਰਾਂ ਬਾਰੇ ਵੀ ਪਤਾ ਲਗ ਜਾਂਦਾ ਹੈ। ਅਜੇਹਾ ਸੁਭਾਅ ਬੱਚੇ ਅੰਦਰ ਉੱਦਮ ਕਰਨ ਦੀ ਰੁਚੀ ਪੈਦਾ ਕਰਦਾ ਹੈ।

*ਸਲੋਕੁ ਮਃ ੫ ॥ ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥ (੫੨੨)*

**ਬੱਚੇ ਦੀ ਸਮਝ ਤੇ ਸੋਚਣ ਸ਼ਕਤੀ ਬਾਰੇ ਜਾਨਣਾ**: ਜੇਕਰ ਬੱਚਾ ਨਹੀਂ ਸੁਣਦਾ ਹੈ ਤੇ ਜਾਂ ਹੈਰਾਨ ਹੋਇਆ ਰਹਿੰਦਾ ਹੈ, ਤਾਂ ਉਸ ਨੂੰ ਵਾਰ ਵਾਰ ਕਹਿਣ ਦੀ ਬਜਾਏ ਜਾਂ ਡਾਂਟਣ ਦੀ ਬਜਾਏ, ਬੱਚੇ ਦੀ ਸਮਝ ਸ਼ਕਤੀ ਬਾਰੇ ਜਾਨਣਾ ਬਹੁਤ ਜਰੂਰੀ ਹੈ। ਜੋ ਵੀ ਬੱਚੇ ਨੂੰ ਕਿਹਾ ਹੈ ਉਸ ਨੂੰ ਦੁਬਾਰਾ ਦੁਹਰਾਣ ਲਈ ਕਹਿਣਾ ਚਾਹੀਦਾ ਹੈ। ਜੇਕਰ ਬੱਚਾ ਦੁਹਰਾ ਨਹੀਂ ਸਕਦਾ ਹੈ, ਤਾਂ ਫਿਰ ਹੋ ਸਕਦਾ ਹੈ, ਕਿ ਇਹ ਗੱਲ ਬਹੁਤ ਲੰਮੀ ਹੈ, ਤੇ ਜਾਂ ਇਹ ਗੱਲ ਬੱਚੇ ਦੀ ਸਮਝ ਤੋਂ ਬਾਹਰ ਹੈ। ਅਜੇਹੀ ਸਥਿਤੀ ਵਿਚ ਗੱਲ ਬਹੁਤ ਛੋਟੀ ਜਾਂ ਕਿਸੇ ਹੋਰ ਤਰੀਕੇ ਨਾਲ ਕਹਿੰਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

*ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥* (੧੪੧੦)

**ਬੱਚੇ ਨੂੰ ਸਮਝਾਓ ਕਿ ਕੀ ਤੇ ਕਿਸ ਤਰ੍ਹਾਂ ਕਰਨਾ ਹੈ:** ਜਦੋਂ ਅਸੀਂ ਬੱਚੇ ਨੂੰ ਕੁਝ ਕਰਨ ਲਈ ਕਹਿੰਦੇ ਹਾਂ, ਤੇ ਜੇਕਰ ਉਸ ਨੂੰ ਸਮਝਾ ਦਿਤਾ ਜਾਵੇ ਕਿ ਕੀ ਕਰਨਾ ਹੈ ਤੇ ਕਿਸ ਤਰ੍ਹਾਂ ਕਰਨਾ ਹੈ, ਤਾਂ ਬੱਚਾ ਜਿਆਦਾ ਧਿਆਨ ਨਾਲ ਸੁਣੇਗਾ ਤੇ ਕਹਿਣਾਂ ਵੀ ਮੰਨੇਗਾ। ਹੁਕਮ ਕਰਨ ਨਾਲੋਂ ਇਹ ਤਰੀਕਾ ਬਹੁਤ ਅਸਰਦਾਇਕ ਹੁੰਦਾ ਹੈ। ਬੱਚੇ ਨੂੰ ਆਮ ਤੌਰ ਤੇ ਸਮਝ ਨਹੀਂ ਹੁੰਦੀ ਕਿ ਵੱਡੇ ਉਸ ਬਾਰੇ ਕੀ ਸੋਚਦੇ ਹਨ। ਬੱਚੇ ਨੂੰ ਪਹਿਲਾ ਸਮਝਾਣ ਨਾਲ ਤੇ ਕੰਮ ਕਰਨ ਦਾ ਤਰੀਕਾ ਦੱਸਣ ਨਾਲ, ਬੱਚੇ ਦੇ ਅੰਦਰ ਕੁਝ ਕੁ ਸੋਚ ਪੈਦਾ ਹੁੰਦੀ ਹੈ, ਕਿ ਉਸ ਦੀਆਂ ਹਰਕਤਾ ਨਾਲ ਵੱਡਿਆਂ ਤੇ ਕੀ ਅਸਰ ਹੁੰਦਾ ਹੈ। ਬੱਚਿਆਂ ਅੰਦਰ ਜਿੰਮੇਵਾਰੀ ਦਾ ਅਹਿਸਾਸ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ। ਬੱਚੇ ਨੂੰ ਹੁਕਮ ਕਰਨ ਦੀ ਬਜਾਏ, ਪਿਆਰ ਨਾਲ ਇਹ ਕਿਹਾ ਜਾਵੇ ਕਿ ਇਹ ਤੇਰੀ ਛੋਟੀ ਭੈਣ ਹੈ, ਇਸ ਨੂੰ ਵੀ ਇਕ ਖਿਲੌਣਾ ਦੇ ਕੇ ਨਾਲ ਖਿਡਾ। ਮਾਤਾ ਪਿਤਾ ਬੱਚੇ ਨਾਲ ਕਿਸ ਤਰ੍ਹਾਂ ਤੇ ਕਿਸ ਤਰੀਕੇ ਨਾਲ ਬੋਲਦੇ ਹਨ, ਇਸ ਦਾ ਬੱਚੇ ਦੇ ਮਨ ਉਪਰ ਬਹੁਤ ਅਸਰ ਪੈਂਦਾ ਹੈ। ਸਹੀ ਤੇ ਉਚਿਤ ਤਰੀਕਾ ਕੀ ਹੈ ਤੇ ਉਸ ਨੂੰ ਅਪਨਾਣ ਲਈ ਜੁਗਤੀ ਜਾਨਣੀ ਬਹੁਤ ਜਰੂਰੀ ਹੈ।

*ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥ (੪੬੮)*

**ਜਰੂਰੀ ਕੰਮ ਹੋਵੇ ਤਾਂ ਬੱਚੇ ਨੂੰ ਪਹਿਲਾਂ ਹੀ ਸੁਚੇਤ ਕਰ ਦੇਣਾ ਚਾਹੀਦਾ ਹੈ:** ਬੱਚੇ ਅਕਸਰ ਆਪਣੀ ਖੇਡ ਵਿਚ ਮਸਤ ਰਹਿੰਦੇ ਹਨ ਤੇ ਉਨ੍ਹਾਂ ਦਾ ਜਲਦੀ ਕਰਕੇ ਜਾਣ ਨੂੰ ਜੀ ਨਹੀਂ ਕਰਦਾ। ਜੇਕਰ ਜਰੂਰੀ ਕੰਮ ਹੋਵੇ ਜਾਂ ਸਮੇਂ ਸਿਰ ਨਿਕਲਣਾ ਹੋਵੇ ਤਾਂ ਬੱਚੇ ਨੂੰ ਸਮੇਂ ਤੋਂ ਪਹਿਲਾਂ ਹੀ ਸੁਚੇਤ ਕਰ ਦੇਣਾ ਚਾਹੀਦਾ ਹੈ। ਉਦਾਹਰਣ ਦੇ ਤੌਰ ਤੇ, ਬੱਚੇ ਨੂੰ ਪਹਿਲਾਂ ਹੀ ਕਿਹਾ ਜਾ ਸਕਦਾ ਹੈ ਕਿ ਆਪਣੇ ਖਿਲੌਨੇ ਸੰਭਾਲ ਕੇ ਰੱਖ ਲਉ, ਕਿਉਂਕਿ ਹੁਣ ਬਾਹਰ ਕਿਸੇ ਦੇ ਘਰ ਜਾਂ ਮਾਰਕੀਟ ਜਾਣਾ ਹੈ। ਗੁਰੂ ਸਾਹਿਬ ਨੇ ਵੀ ਮਨੁੱਖ ਨੂੰ ਹਮੇਸ਼ਾਂ ਵਿਕਾਰਾਂ ਤੋਂ ਸੁਚੇਤ ਰਹਿੰਣ ਦੀ ਸਿਖਿਆ ਦਿਤੀ ਹੈ।

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥ (੧੮੨)*

**ਜੇਕਰ ਹੁਣ ਸਮਾਂ ਨਹੀਂ ਹੈ ਤਾਂ ਬਾਅਦ ਵਿਚ ਗੱਲਬਾਤ ਕਰਨ ਲਈ ਬੱਚਿਆਂ ਨੂੰ ਸਮਾਂ ਜਰੂਰੀ ਦਿਓ:** ਬੱਚਿਆਂ ਨੂੰ ਪੂਰਾ ਭਰੋਸਾ ਦਿਓ ਕਿ ਤੁਸੀਂ ਉਨ੍ਹਾਂ ਨੂੰ ਪੂਰੇ ਧਿਆਨ ਨਾਲ ਸੁਣਦੇ ਹੋ। ਹੋ ਸਕਦਾ ਹੈ ਕਿ ਤੁਸੀਂ ਕਿਸੇ ਖਾਸ ਕੰਮ ਵਿਚ ਬਹੁਤ ਰੁਝੇ ਹੋਵੋ, ਜਿਸ ਤਰ੍ਹਾਂ ਕਿ ਪੜ੍ਹਨਾਂ, ਕੰਮਪਿਊਟਰ ਤੇ ਕੰਮ, ਕੋਈ ਹੋਰ ਕੰਮ ਜਿਸ ਵਿਚ ਪੂਰੇ ਧਿਆਨ ਦੀ ਲੋੜ ਹੈ। ਜੇਕਰ ਉਸ ਸਮੇਂ ਗੱਲਬਾਤ ਨਹੀਂ ਕਰ ਸਕਦੇ ਤਾਂ, ਸੁਣਨ ਦਾ ਨਾਟਕ ਨਾ ਕਰੋ। ਬੱਚਿਆਂ ਨਾਲ ਗੱਲਬਾਤ ਕਰਨ ਲਈ ਸਮੇਂ ਦਾ ਵਾਇਦਾ ਕਰੋ ਤੇ ਉਸ ਉੱਪਰ ਕਾਇਮ ਰਹੋ, ਬੱਚਿਆਂ ਦਾ ਭਰੋਸਾ ਜਿਤੋ ਤੇ ਗੱਲਬਾਤ ਕਰਨ ਲਈ ਪੂਰਾ ਸਮਾਂ ਦਿਓ। ਜੇਕਰ ਮਾਤਾ ਪਿਤਾ ਬੱਚਿਆਂ ਸੰਬੰਧੀ ਬੇਧਿਆਨੇ ਰਹੇ ਤਾਂ ਕਲ ਨੂੰ ਬੱਚੇ ਵੀ ਕੋਈ ਪਰਵਾਹ ਨਹੀਂ ਕਰਨਗੇ।

***ਸੂਹੀ ਲਲਿਤ ॥** ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥ ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥ ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥ (੭੯੪)*

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥ (੧੮੨)*

**ਜੇਕਰ ਦੋ ਬੱਚਿਆਂ ਦੀ ਉਮਰ ਵਿਚ ਜਿਆਦਾ ਅੰਤਰ ਹੈ ਤਾਂ ਦੋਵਾਂ ਨੂੰ ਉਚੇਚਾ ਵੱਖਰਾ ਸਮਾਂ ਦਿਓ:** ਜਦੋਂ ਦੋ ਬੱਚਿਆਂ ਦੀ ਉਮਰ ਵਿਚ ਜਿਆਦਾ ਅੰਤਰ ਹੋਵੇ ਤਾਂ ਦੋਵਾਂ ਦਾ ਮਾਨਸਕ ਵਿਕਾਸ ਵੱਖਰਾ ਹੋਣ ਕਰਕੇ ਗੱਲਾਂਬਾਤਾਂ ਤੇ ਗੱਲਬਾਤ ਕਰਨ ਦੇ ਤਰੀਕੇ ਵੱਖਰੇ ਹੁੰਦੇ ਹਨ। ਕਈ ਵਾਰੀ ਵੱਡਾ ਬੱਚਾ ਗੱਲਬਾਤ ਕਰਦਾ ਰਹਿੰਦਾ ਹੈ ਤੇ ਛੋਟਾ ਉਨ੍ਹਾਂ ਦੇ ਮੂੰਹ ਵੱਲ ਹੀ ਵੇਖਦਾ ਰਹਿੰਦਾ ਹੈ। ਵੱਡਿਆਂ ਬੱਚਿਆਂ ਨੇ ਹੋਰ ਜਿਆਦਾ ਸਿਖਣਾਂ ਹੁੰਦਾ ਹੈ, ਇਸ ਲਈ ਜਿਆਦਾ ਗੱਲਾਬਾਤਾਂ ਕਰਦੇ ਹਨ। ਇਸ ਲਈ ਛੋਟੇ ਬੱਚੇ ਲਈ ਵੱਖਰਾ ਉਚੇਚਾ ਸਮਾਂ ਕੱਢਣਾ ਬਹੁਤ ਜਰੂਰੀ ਹੈ ਤਾਂ ਜੋ ਉਸ ਦੇ ਸਤੱਰ ਅਨੁਸਾਰ ਗੱਲਬਾਤ ਕੀਤੀ ਜਾ ਸਕੇ। ਸੈਰ ਕਰਦੇ ਸਮੇਂ, ਸੌਣ ਸਮੇਂ, ਇਕੱਠੇ ਕਿਤਾਬ ਪੜ੍ਹਦੇ ਸਮੇਂ ਲੋੜੀਦਾ ਧਿਆਨ ਦਿਤਾ ਜਾ ਸਕਦਾ ਹੈ।

ਕਈ ਵਾਰੀ ਇਸ ਦੇ ਉਲਟ ਵੀ ਹੋ ਜਾਂਦਾ ਹੈ, ਕਿ ਮਾਤਾ ਪਿਤਾ ਛੋਟੇ ਬੱਚੇ ਨੂੰ ਜਿਆਦਾ ਪਿਆਰ ਕਰਦੇ ਹਨ, ਤੇ ਵੱਡੇ ਵੱਲ ਘਟ ਤਵੱਜੋਂ ਦਿੰਦੇ ਹਨ। ਇਸ ਨਾਲ ਵੱਡੇ ਬੱਚੇ ਦੇ ਮਨ ਅੰਦਰ ਛੋਟੇ ਵਾਸਤੇ ਨਫਰਤ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਕਈ ਵਾਰੀ ਉਸ ਨੂੰ ਮਾਰਨਾ ਸ਼ੁਰੂ ਕਰ ਦਿੰਦਾ ਹੈ ਤੇ ਜਾਂ ਚੋਟ ਪਹੁੰਚਾ ਸਕਦਾ ਹੈ। ਅਜੇਹੀ ਸਥਿਤੀ ਵਿਚ ਵੱਡੇ ਬੱਚੇ ਲਈ ਪਿਆਰ ਘਟਾਨਾ ਨਹੀਂ ਚਾਹੀਦਾ ਹੈ ਤੇ ਉਸ ਲਈ ਵੀ ਉਚੇਚਾ ਸਮਾਂ ਕੱਢਣਾ ਬਹੁਤ ਜਰੂਰੀ ਹੈ।

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨॥ (੧੩੭੭)*

*ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥ (੪੧੭)*

**ਹਰੇਕ ਛੋਟੀ ਮੋਟੀ ਗੱਲ ਤੇ ਨੁਕਤਾਚੀਨੀ ਨਹੀਂ ਕਰਨੀ**: ਜੇਕਰ ਕੋਈ ਪੱਕਾ ਤੇ ਜਰੂਰੀ ਫੈਸਲਾ ਕੀਤਾ ਗਿਆ ਹੈ, ਤਾਂ ਉਸ ਤੇ ਦ੍ਰਿੜ ਰਹਿੰਣਾ ਚਾਹੀਦਾ ਹੈ। ਪਰੰਤੂ ਹਰੇਕ ਛੋਟੀ ਮੋਟੀ ਗੱਲ ਤੇ ਬੱਚਿਆਂ ਦੀ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ ਹੈ। ਵਾਰ ਵਾਰ ਬੱਚੇ ਨੂੰ ਇਹ ਨਹੀਂ ਕਹਿਦੇ ਰਹਿਣਾਂ ਕਿ ਸਾਰਾ ਦਿਨ ਕੀ ਕਰਦਾ ਰਹਿੰਦਾ ਹੈ। ਬੱਚਾ ਇਹ ਸਭ ਕੁਝ ਸੁਣ ਕੇ ਅਕ ਜਾਂਦਾ ਹੈ। ਬੱਚੇ ਨੂੰ ਇਹ ਸਮਝਾਇਆ ਜਾ ਸਕਦਾ ਹੈ ਕਿ ਅਧਿਆਪਕ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਤਾਂ ਜੋ ਸਬਕ ਸਮਝ ਆ ਸਕੇ। ਕਿਹੜਾ ਵਿਸ਼ਾ ਜਾਂ ਚੈਪਟਰ ਸਮਝ ਨਹੀਂ ਆਉਂਦਾ ਹੈ, ਕਿਉਂ ਨਹੀਂ ਸਮਝ ਆਉਂਦਾ ਹੈ, ਉਸ ਲਈ ਕੀ ਕਰਨਾ ਚਾਹੀਦਾ ਹੈ। ਜੇਕਰ ਬੱਚੇ ਨੂੰ ਯਾਦ ਨਹੀਂ ਹੁੰਦਾ ਹੈ ਤਾਂ ਉਸ ਵਾਸਤੇ ਡਾਂਟਣਾ ਨਹੀਂ, ਬਲਕਿ ਯਾਦ ਕਰਨ ਵਿਚ ਸਹਾਇਤਾ ਕਰਨੀ ਚਾਹੀਦੀ ਹੈ।

ਜਿਆਦਾਤਰ ਕੰਮ ਨਿਮਰਤਾ, ਸ਼ਾਂਤੀ ਤੇ ਪਿਆਰ ਨਾਲ ਹੋਣੇ ਚਾਹੀਦੇ ਹਨ। ਇਹ ਸਭ ਚੰਗੇ ਗੁਣ ਗੁਰੂ ਦੇ ਸਬਦ ਦੁਆਰਾ ਹੀ ਸਿਖੇ ਜਾ ਸਕਦੇ ਹਨ।

***ਮਹਲ ਮਹਿ ਬੈਠੇ ਅਗਮ ਅਪਾਰ ॥ ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ ਰਹਾਉ ॥*** *(੧੨੫੫, ੧੨੫੬)*

**ਬੱਚੇ ਕੋਈ ਰੌਬਟ ਨਹੀਂ ਹਨ, ਜਿਨ੍ਹਾਂ ਨੂੰ ਜਿਸ ਤਰ੍ਹਾਂ ਚਾਹੋ ਕਰਵਾ ਸਕਦੇ ਹਾਂ:** ਛੋਟੇ ਬੱਚੇ ਇਕ ਰੌਬਟ ਦੀ ਤਰ੍ਹਾਂ ਨਹੀਂ ਹੁੰਦੇ, ਜਿਨ੍ਹਾਂ ਨੂੰ ਜਿਸ ਤਰ੍ਹਾਂ ਚਾਹੋ, ਉਸੇ ਤਰ੍ਹਾਂ ਬਦਲਿਆ ਜਾ ਸਕਦਾ ਹੈ, ਜਾਂ ਵਰਤਿਆ ਜਾ ਸਕਦਾ ਹੈ, ਤੇ ਹੁਕਮੁ ਚਲਾਇਆ ਜਾ ਸਕਦਾ ਹੈ। ਬੱਚਿਆਂ ਨੂੰ ਵੀ ਆਪਣੀ ਮਰਜੀ ਕਰਨ ਦਾ ਪੂਰਾ ਹੱਕ ਹੈ। ਇਹੀ ਕਾਰਨ ਹੈ ਕਿ ਕਈ ਵਾਰੀ ਬੱਚੇ ਕਹਿਣਾਂ ਨਹੀਂ ਮੰਨਦੇ ਹਨ ਤੇ ਮਾਤਾ ਪਿਤਾ ਦੇ ਕਹਿਣ ਤੋਂ ਉਲਟ ਕੰਮ ਕਰਦੇ ਹਨ। ਬੱਚਿਆਂ ਨੂੰ ਨਿਮਰਤਾ ਨਾਲ ਸਧਾਰਨ ਤੇ ਪਰੈਕਟੀਕਲ ਤਰੀਕੇ ਨਾਲ ਸਮਝਾਂਣਾਂ ਚਾਹੀਦਾ ਹੈ। ਨਾ ਤਾਂ ਜਿਆਦਾ ਰੋਅਬ ਪਾਣਾ ਚਾਹੀਦਾ ਹੈ ਤੇ ਨਾ ਹੀ ਜਿਆਦਾ ਹੁਕਮ ਚਲਾਣਾ ਚਾਹੀਦਾ ਹੈ। ਧਮਕੀਆਂ ਤੇ ਸਜਾਵਾਂ ਜਿਆਦਾ ਸਮੇਂ ਲਈ ਸਹਾਈ ਨਹੀਂ ਹੁੰਦੀਆਂ ਹਨ। ਜਿਆਦਾ ਸਜਾਵਾਂ ਨਾਲ ਬੱਚਾਂ ਹੋਰ ਵੀ ਢੀਠ ਹੋ ਜਾਂਦਾ ਹੈ। ਇਸ ਲਈ ਧਮਕੀਆਂ ਤੇ ਸਜਾਵਾਂ ਦੀ ਵਰਤੋਂ ਸਿਰਫ ਆਪਾਤਕਾਲੀਨ ਸਥਿਤੀ ਵਿਚ ਹੀ ਹੋਣੀ ਚਾਹੀਦੀ ਹੈ। ਬੱਚੇ ਦੇ ਨੁਕਸ ਵੇਖ ਕੇ ਉਸ ਉਪਰ ਆਪਣੀ ਮਰਜੀ ਥੋਪੀ ਜਾਣਾ ਠੀਕ ਨਹੀਂ, ਬੱਚੇ ਦੀ ਰੁਚੀ ਵੇਖ ਕੇ ਉਸ ਅਨੁਸਾਰ ਆਪਣੇ ਆਪ ਨੂੰ ਬਦਲਣਾ ਚਾਹੀਦਾ ਹੈ, ਤੇ ਯੋਗ ਕਾਰਵਾਈ ਕਰਨੀ ਚਾਹੀਦੀ ਹੈ।

***ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥ ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ*** *॥੨॥ (੫੯੮)*

**ਬੱਚਿਆਂ ਨਾਲ ਵੀ ਉਸੇ ਤਰ੍ਹਾਂ ਗੱਲ ਕਰੋਂ ਜਿਸ ਤਰ੍ਹਾਂ ਦੋਸਤਾਂ ਨਾਲ ਕਰਦੇ ਹੋ:** ਮਾਤਾ ਪਿਤਾ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ, ਕਿ ਕੀ ਉਹ ਬੱਚਿਆਂ ਨਾਲ ਵੀ ਉਸੇ ਤਰ੍ਹਾਂ ਗੱਲਬਾਤ ਕਰਦੇ ਹਨ, ਜਿਸ ਤਰ੍ਹਾਂ ਉਹ ਆਪਣੇ ਹੋਰ ਦੋਸਤਾਂ ਮਿੱਤਰਾਂ ਨਾਲ ਕਰਦੇ ਹਨ। ਜੇਕਰ ਮਾਤਾ ਪਿਤਾ ਬੱਚਿਆਂ ਨਾਲ ਵੀ ਆਪਣੇ ਹੋਰ ਦੋਸਤਾਂ ਮਿੱਤਰਾਂ ਦੀ ਤਰ੍ਹਾਂ ਗੱਲਬਾਤ ਕਰਦੇ ਹਨ, ਤਾਂ ਬੱਚੇ ਵੀ ਪੂਰੇ ਧਿਆਨ ਨਾਲ ਉਨ੍ਹਾਂ ਨੂੰ ਸੁਣਨਗੇ ਤੇ ਕਹਿਣਾਂ ਮੰਨਣਗੇ।

***ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ*** *॥ ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥ (੬੭੧)*

**ਬੱਚਿਆਂ ਦੇ ਸਹਾਇਕ ਤੇ ਹੌਸਲਾ ਦੇਣ ਵਾਲੇ ਬਣੋ:** ਜੇਕਰ ਬੱਚਿਆਂ ਨੂੰ ਇਹ ਅਹਿਸਾਸ ਹੋ ਜਾਵੇ ਕਿ ਉਨ੍ਹਾਂ ਦੇ ਮਾਤਾ ਪਿਤਾ ਮਤਭੇਦ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਪਿਆਰ ਤੇ ਸਵਿਕਾਰ ਕਰਦੇ ਹਨ, ਤਾਂ ਬੱਚੇ ਵੀ ਆਪਣੀ ਹਰੇਕ ਗੱਲ ਮਾਤਾ ਪਿਤਾ ਨਾਲ ਸਾਂਝੀ ਕਰਨੀ ਸ਼ੁਰੂ ਕਰ ਦਿੰਦੇ ਹਨ। ਬੱਚੇ ਦੇ ਮਨ ਅੰਦਰ ਹੌਸਲਾ ਰਹਿੰਦਾ ਹੈ ਕਿ ਕੋਈ ਮੇਰੀ ਸਹਾਇਤਾ ਕਰਨ ਵਾਲਾ ਹੈ। ਕਈ ਬੱਚੇ ਇਹ ਕਹਿੰਦੇ ਹਨ ਕਿ ਮੈਨੂੰ ਇਕੱਲੇ ਬਿਸਤਰੇ ਤੇ ਡਰ ਲਗਦਾ ਹੈ, ਤਾਂ ਉਸ ਨੂੰ ਇਹ ਕਹਿਣ ਨਾਲ ਕਿ ਤੂੰ ਵੱਡਾ ਹੋ ਗਿਆ ਹੈ, ਡਰਨਾ ਨਹੀਂ ਚਾਹੀਦਾ, ਆਦਿ ਨਾਲ ਕੋਈ ਹੌਸਲਾ ਨਹੀਂ ਮਿਲਣਾ ਹੈ। ਅਜੇਹੀ ਅਵਸਥਾ ਵਿਚ ਉਸ ਲਈ ਦਰਵਾਜਾ ਖੁਲਾ ਛੱਡਿਆ ਜਾ ਸਕਦਾ ਹੈ ਤੇ ਲਾਈਟ ਚਲਦੀ ਰੱਖੀ ਜਾ ਸਕਦੀ ਹੈ, ਤੇ ਹੋਰ ਹੌਸਲਾ ਦੇਣ ਲਈ ਕਿਹਾ ਜਾ ਸਕਦਾ ਹੈ, ਕਿ ਵਿਚ ਵਿਚ ਆ ਕੇ ਮੈਂ ਵੇਖਦਾ ਰਹਾਂਗਾ। ਬੱਚਿਆਂ ਨੇ ਮਾਤਾ ਪਿਤਾ ਦੀ ਗੋਦ ਵਿਚ ਨਿਘ ਮਾਨਣਾ ਹੈ, ਤੇ ਮਾਤਾ ਪਿਤਾ ਨੇ ਸਤਿਗੁਰੁ ਦੀ ਸ਼ਰਨ ਵਿਚ ਓਟ ਆਸਰਾ ਲੈਣਾਂ ਹੈ।

*ਟੋਡੀ ਮਹਲਾ ੫ ॥* ***ਸਤਿਗੁਰ ਆਇਓ ਸਰਣਿ ਤੁਹਾਰੀ ॥ ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥*** *(੭੧੩)*

**ਜਦੋਂ ਬੱਚਾ ਕੋਈ ਗੱਲ ਦੱਸ ਰਿਹਾ ਹੁੰਦਾ ਹੈ ਤਾਂ ਉਸ ਨੂੰ ਟੋਕਣਾ ਨਹੀਂ**: ਜਦੋਂ ਬੱਚਾ ਕਹਾਣੀ ਸੁਣਾ ਰਿਹਾ ਹੁੰਦਾ ਹੈ, ਜਾਂ ਕੋਈ ਹੋਰ ਗੱਲ ਦੱਸ ਰਿਹਾ ਹੁੰਦਾ ਹੈ, ਤਾਂ ਉਸ ਨੂੰ ਵਿਚ ਟੋਕਣਾ ਨਹੀਂ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਬੱਚੇ ਦੇ ਮਨ ਨੂੰ ਠੇਸ ਪਹੁੰਚਦੀ ਹੈ, ਤੇ ਅੱਗੇ ਤੋਂ ਬੱਚਾ ਆਪਣੀ ਕੋਈ ਗੱਲ ਮਾਤਾ ਪਿਤਾ ਨੂੰ ਨਹੀਂ ਦੱਸਿਆ ਕਰੇਗਾ। ਭਾਂਵੇਂ ਬੱਚੇ ਨੇ ਕੋਈ ਗਲਤ ਕੰਮ ਵੀ ਕੀਤਾ ਹੋਵੇ, ਤਾਂ ਵੀ ਉਸ ਦੀ ਪੂਰੀ ਗੱਲ ਧਿਆਨ ਨਾਲ ਸੁਣਨ ਤੋਂ ਬਾਅਦ ਹੀ ਉਸ ਦੀ ਗਲਤੀ ਜਾਂ ਕਿਸੇ ਤਰ੍ਹਾਂ ਦੇ ਖਤਰੇ ਬਾਰੇ ਜਾਣੂ ਕਰਵਾਉਂਣਾਂ ਚਾਹੀਦਾ ਹੈ। ਜਿਸ ਤਰ੍ਹਾਂ ਕਿ ਇਕੱਲੇ ਪਾਣੀ ਵਿਚ ਜਾਣਾ, ਬਿਜਲੀ ਨੂੰ ਛੇੜਨਾਂ, ਆਦਿ।

*ਮਃ ੧ ॥* ***ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ ॥ ਤਿਚਰੁ ਜਾਣੈ ਭਲਾ ਕਰਿ ਜਿਚਰੁ ਲੇਵੈ ਦੇਇ*** *॥੨॥ (੫੯੪)*

**ਬੱਚਿਆਂ ਨਾਲ ਰੋਜਾਨਾ ਸਮਾਂ ਕੱਢ ਕੇ ਗੱਲਬਾਤ ਕਰਿਆ ਕਰੋ**: ਬੱਚਿਆਂ ਨਾਲ ਗੱਲਬਾਤ ਕਰਨ ਨਾਲ ਮਾਤਾ ਪਿਤਾ ਦੀ ਆਪਸੀ ਸਾਂਝ ਵਧਦੀ ਹੈ, ਸਵੈ ਭਰੋਸਾ ਬਣਿਆ ਰਹਿੰਦਾ ਹੈ, ਆਪਸੀ ਮਿਲਵਰਤਨ ਤੇ ਸਬੰਧ ਠੀਕ ਤਰ੍ਹਾਂ ਬਣੇ ਰਹਿੰਦੇ ਹਨ। ਜੇਕਰ ਮਾਤਾ ਪਿਤਾ ਆਪਣੇ ਬੱਚੇ ਦੀ ਗੱਲ ਧਿਆਨ ਨਾਲ ਸੁਣਦੇ ਹਨ, ਤਾਂ ਬੱਚੇ ਵੀ ਮਾਤਾ ਪਿਤਾ ਦੀਆਂ ਗੱਲਾਂ ਧਿਆਨ ਨਾਲ ਸੁਣਨਾ ਸਿਖ ਜਾਂਦੇ ਹਨ। ਇਸ ਲਈ ਇਹ ਧਿਆਨ ਵਿਚ ਰੱਖਣਾ ਹੈ ਕਿ ਸਿਰਫ ਆਪ ਹੀ ਨਹੀਂ ਬੋਲੀ ਜਾਣਾ ਹੈ, ਬੱਚੇ ਨੂੰ ਵੀ ਪੂਰਾ ਬੋਲਣ ਦਾ ਮੌਕਾ ਦੇਣਾ ਹੈ। ਮਾਤਾ ਪਿਤਾ ਨੇ ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਸਿਖਣੇ ਹਨ ਤੇ ਆਪਣੇ ਬੱਚਿਆਂ ਨਾਲ ਅਕਾਲ ਪੁਰਖੁ ਦੇ ਗੁਣ ਸਾਂਝੇ ਕਰਨੇ ਹਨ ਤਾਂ ਜੋ ਆਪਸੀ ਸਾਂਝ ਤੇ ਭਰੋਸਾ ਬਣਿਆ ਰਹੇ।

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ (੭੬੫, ੭੬੬)*

**ਬੱਚਿਆਂ ਨੂੰ ਟੀ.ਵੀ. ਵੇਖਣ ਦਾ ਬਹੁਤ ਸ਼ੌਕ ਹੁੰਦਾ ਹੈ:** ਇਸ ਲਈ ਉਨ੍ਹਾਂ ਵਿਚ ਇਹ ਆਦਤ ਪਾਈ ਜਾ ਸਕਦੀ ਹੈ ਕਿ ਉਹ ਦੰਦ ਸਾਫ ਕਰਨ, ਨਹਾਉਂਣ ਜਾਂ ਤਿਆਰ ਹੋਣ ਤੋਂ ਬਾਅਦ ਹੀ ਵੇਖ ਸਕਦੇ ਹਨ। ਇਸ ਤਰ੍ਹਾਂ ਬੱਚੇ ਸਮੇਂ ਸਿਰ ਸਕੂਲ ਜਾ ਸਕਿਆ ਕਰਨਗੇ। ਬੱਚਿਆਂ ਦੇ ਮਨ ਵਿਚ ਇਹ ਪਾਇਆ ਜਾ ਸਕਦਾ ਹੈ, ਕਿ ਜੇਕਰ ਉਹ ਸਕੂਲ ਸਮੇਂ ਸਿਰ ਜਾਣਗੇ ਤਾਂ ਚੰਗਾ ਗਰੇਡ ਮਿਲੇਗਾ, ਨੰਬਰ ਚੰਗੇ ਆਉਂਗੇ ਤਾਂ ਇਨਾਮ ਵੀ ਮਿਲੇਗਾ। ਜਦੋਂ ਮਾਤਾ ਪਿਤਾ ਕਿਸੇ ਹੋਰ ਕੰਮ ਵਿਚ ਰੁਝੇ ਹੁੰਦੇ ਹਨ, ਤਾਂ ਉਸ ਸਮੇਂ ਬੱਚਿਆਂ ਨੂੰ ਟੀ.ਵੀ. ਵੇਖਣ ਦਾ ਸਮਾਂ ਦਿਤਾ ਜਾ ਸਕਦਾ ਹੈ। ਬੱਚਿਆਂ ਨੂੰ ਟੀ.ਵੀ. ਵੇਖਣ ਦੀ ਆਦਤ ਘਟਾਨ ਲਈ, ਮਾਤਾ ਪਿਤਾ ਨੂੰ ਆਪਣੀ ਟੀ.ਵੀ. ਵੇਖਣ ਦੀ ਆਦਤ ਘਟਾਨੀ ਵੀ ਬਹੁਤ ਜਰੁਰੀ ਹੈ।

*ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥ (੩੮੧)*

**ਗੁਰਦੁਆਰਾ ਸਾਹਿਬ ਬਹੁਤ ਵੱਡਾ ਸਿਖਿਆ ਦਾ ਕੇਂਦਰ ਬਣ ਸਕਦਾ ਹੈ:** ਬੱਚਿਆਂ ਨੂੰ ਅਵਲ ਦਰਜ਼ੇ ਦੀ ਸਿਖਿਆ ਦੇਣ ਲਈ ਗੁਰਦੁਆਰਾ ਸਾਹਿਬ ਬਹੁਤ ਸਹਾਈ ਹੋ ਸਕਦੇ ਹਨ। ਬਿਨਾ ਕਿਸੇ ਉਚੇਚੇ ਉਪਰਾਲੇ ਕਰਨ ਦੇ ਬੱਚੇ ਬਹੁਤ ਸਾਰੀਆਂ ਚੰਗੀਆਂ ਆਦਤਾਂ ਸਿਖ ਸਕਦੇ ਹਨ। ਆਪਸ ਵਿਚ ਕਿਸ ਤਰ੍ਹਾਂ ਮਿਲਵਰਤਨ ਕਰਨਾ, ਲੰਗਰ ਬਣਾਣਾ ਤੇ ਵਰਤਾਣਾ, ਦਰਬਾਰ ਹਾਲ ਵਿਚ ਕਿਸ ਤਰ੍ਹਾਂ ਬੈਠਣਾਂ, ਗੁਰਬਾਣੀ ਸੁਣਨੀ ਤੇ ਗਾਇਨ ਕਰਨੀ, ਇਕ ਦੂਜੇ ਦੀ ਸਹਾਇਤਾ ਕਰਨੀ, ਆਦਿ।

**ਕੋਈ ਬੱਚਾ ਵੀ ਵਿਹਲਾ ਨਹੀਂ ਰਹਿੰਣਾ ਚਾਹੁੰਦਾ:** ਛੋਟੇ ਬੱਚੇ ਵੱਡੇ ਬੱਚਿਆਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਵੱਡੇ ਬੱਚੇ ਬਜੁਰਗਾਂ ਜਾਂ ਵੱਡਿਆਂ ਤੋਂ ਚੰਗੇ ਗੁਣ ਸਿਖ ਸਕਦੇ ਹਨ। ਇਸ ਤਰ੍ਹਾਂ ਇਹ ਲੜੀ ਕਾਇਮ ਕੀਤੀ ਜਾ ਸਕਦੀ ਹੈ। ਜਦੋਂ ਬੱਚਾ ਗੁਰਦੁਆਰਾ ਸਾਹਿਬ ਵਿਚੋਂ ਚੰਗੇ ਗੁਣ ਸਿਖ ਕੇ ਆਵੇਗਾ ਤਾਂ ਉਹ ਆਪਣੇ ਜੀਵਨ ਵਿਚ ਵੀ ਲਾਗੂ ਕਰਨ ਦੀ ਕੋਸ਼ਿਸ਼ ਕਰੇਗਾ। ਅਜੇਹੀਆਂ ਸਿਖਿਆਵਾਂ ਨਾਲ ਬੱਚਾ ਆਪਣੇ ਘਰ ਵਿਚ, ਰਸੋਈ, ਬੈਠਕ, ਸੌਣ ਵਾਲਾ ਕਮਰਾ, ਤੇ ਹੋਰ ਆਸੇ ਪਾਸੇ ਦੀਆਂ ਚੀਜ਼ਾਂ ਸਾਫ ਸੁਥਰੀਆਂ ਰੱਖਣੀਆਂ ਸਿਖ ਜਾਂਦਾ ਹੈ।

**ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਵਿਚ ਸੁਧਾਰ ਦੀ ਲੋੜ:** ਜਿਆਦਾਤਰ ਗੁਰਦੁਆਰਾ ਸਾਹਿਬਾਂ ਦੇ ਪ੍ਰੋਗਰਾਮਾਂ ਬਾਰੇ ਵੇਖਿਆ ਜਾਵੇ ਤਾਂ ਸਾਰਿਆਂ ਵਾਸਤੇ ਉਹੀ ਪ੍ਰੋਗਰਾਮ ਹੁੰਦਾ ਹੈ, ਭਾਂਵੇ ਕੋਈ ੫ ਸਾਲ ਤੋਂ ਘਟ ਦਾ ਹੋਵੇ, ੫ ਤੋਂ ੧੦ ਸਾਲ ਦਾ, ੧੦ ਤੋਂ ੨੦ ਸਾਲ ਦਾ, ੨੦ ਤੋਂ ੪੦ ਸਾਲ ਦਾ, ੪੦ ਤੋਂ ੬੦ ਸਾਲ ਦਾ, ਜਾਂ ੬੦ ਸਾਲ ਤੋਂ ਉੱਪਰ ਦਾ ਹੋਵੇ। ਜਦੋਂ ਕਿ ਹਰੇਕ ਉੱਮਰ ਦੇ ਬੱਚੇ, ਨੌਜਵਾਨ ਜਾਂ ਬਜੁਰਗ ਦੀ ਸੋਚ, ਲੋੜ ਤੇ ਸਮਝਣ ਦਾ ਸਤੱਰ ਤੇ ਤਰੀਕਾ ਅਲੱਗ ਅਲੱਗ ਹੁੰਦਾ ਹੈ। ਇਸ ਲਈ ਉੱਮਰ ਅਨੁਸਾਰ ਹਰੇਕ ਗਰੁਪ ਲਈ ਗੁਰਦੁਆਰਾ ਸਾਹਿਬਾਂ ਵਿਚ ਵੱਖਰਾ ਵੱਖਰਾ ਪ੍ਰੋਗਰਾਮ ਹੋਣ ਚਾਹੀਦਾ ਹੈ। ਗੁਰੂ ਗਰੰਥ ਸਾਹਿਬ ਦੀ ਸਹਾਇਤਾ ਨਾਲ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਕਿਸ ਤਰ੍ਹਾਂ ਜਾਣਕਾਰੀ ਹਾਸਲ ਕਰ ਸਕਦੇ ਹਾਂ, ਇਨ੍ਹਾਂ ਵਿਸ਼ਿਆਂ ਉੱਪਰ ਉਚੇਚੇ ਤੌਰ ਤੇ ਗੁਰਮਤਿ ਵੀਚਾਰਾਂ ਤੇ ਵੀਚਾਰ ਵਟਾਂਦਰੇ ਹੋਣੇ ਚਾਹੀਦੇ ਹਨ।

ਗੁਰਦੁਆਰਾ ਸਾਹਿਬਾਂ ਵਿਚ ਗੁਰਮਤਿ ਤੇ ਆਮ ਸਿਖਿਆ ਸਬੰਧੀ ਛੋਟੀਆਂ ਜਾਂ ਮੱਧਮ ਸਮੇਂ ਵਾਲੀਆਂ ਪਿਕਚਰਾਂ ਜਾਂ ਨਾਟਕ ਵਿਖਾਏ ਜਾ ਸਕਦੇ ਹਨ। ਘਰਾਂ ਵਿਚ, ਆਵਾਜਾਈ ਵਿਚ, ਸਕੂਲਾਂ ਵਿਚ, ਦਫਤਰਾਂ ਵਿਚ ਤੇ ਫੈਕਟਰੀਆਂ ਵਿਚ, ਕਿਸ ਤਰ੍ਹਾਂ ਖਤਰਿਆਂ ਤੋ ਬਚਣਾ ਹੈ, ਉਸ ਸਬੰਧੀ ਫਿਲਮਾਂ ਵਿਖਾਈਆਂ ਜਾ ਸਕਦੀਆਂ ਹਨ। ਦੁਨਿਆਵੀ ਸਿਖਿਆ ਤੇ ਬੱਚਿਆਂ ਦੀਆਂ ਕਲਾਸਾਂ ਦੇ ਸਲੇਬਸ ਨਾਲ ਸਬੰਧਤ ਪ੍ਰੋਗਰਾਮ ਵਿਖਾਏ ਜਾ ਸਕਦੇ ਹਨ। ਗੁਰਦੁਆਰਾ ਸਾਹਿਬਾਂ ਵਿਚ ਇਕ ਲਾਇਬਰੇਰੀ ਹੋਣੀ ਚਾਹੀਦੀ ਹੈ, ਜਿਸ ਵਿਚ ਚੰਗੀਆਂ ਕਿਤਾਬਾਂ, ਸੀਡੀਆਂ, ਬੋਲਣ ਤੇ ਵੇਖਣ ਵਾਲੇ ਸਿਖਿਆ ਦੇ ਪ੍ਰਗਰਾਮ ਹੋਣੇ ਚਾਹੀਦੇ ਹਨ। ਸਮੇਂ ਸਮੇਂ ਤੇ ਇਨ੍ਹਾਂ ਦੀ ਜਾਣਕਾਰੀ ਆਪਸ ਵਿਚ ਸਾਂਝੀ ਕਰਨੀ ਚਾਹੀਦੀ ਹੈ।

ਅੱਜਕਲ ਦੇ ਸਮੇਂ ਵਿਚ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਇਕ ਚੰਗੇ ਸਿੱਖ ਤੇ ਚੰਗੇ ਨਾਗਰਿਕ ਬਣਾਣਾ ਚਾਹੁੰਦੇ ਹਾਂ, ਤਾਂ ਸਾਨੂੰ ਗੁਰਬਾਣੀ ਨੂੰ ਰਵਾਇਤੀ ਤੌਰ ਤੇ ਪੜ੍ਹਨਾਂ ਬੰਦ ਕਰਨਾ ਪਵੇਗਾ, ਤੇ ਗੁਰਬਾਣੀ ਨੂੰ ਚੰਗੀ ਤਰ੍ਹਾਂ ਸਮਝ ਕੇ ਆਪਣੇ ਜੀਵਨ ਦਾ ਹਿਸਾ ਬਣਾਣਾ ਪਵੇਗਾ।

***ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥*** *(੨੮੮, ੨੮੯)*

***"ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥੧੫॥"*** *(੪੭੧)*

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

### ਬੱਚੇ ਮਾਤਾ ਪਿਤਾ ਦਾ ਕਹਿਣਾ ਕਿਉਂ ਨਹੀਂ ਮੰਨਦੇ ਹਨ? (ਭਾਗ ੪)

### Why children do not listen to the parents? (Part 4)

## ਬੱਚਿਆਂ ਨਾਲ ਕਿਸ ਤਰ੍ਹਾਂ ਗੱਲਬਾਤ ਕਰਨੀ ਚਾਹੀਦੀ ਹੈ

## How to communicate with the children

ਹਰੇਕ ਇਨਸਾਨ ਦੀ ਇਛਾਂ ਹੁੰਦੀ ਹੈ ਕਿ ਦੂਸਰੇ ਉਸ ਨੂੰ ਸੁਣਨ, ਸਮਝਣ ਤੇ ਉਸ ਦੀ ਪ੍ਰਸੰਸਾ ਕਰਨ। ਇਸੇ ਤਰ੍ਹਾਂ ਹਰੇਕ ਬੱਚੇ ਦੀ ਵੀ ਇਛਾਂ ਹੁੰਦੀ ਹੈ ਕਿ ਉਸ ਦੇ ਮਾਤਾ ਪਿਤਾ ਅਤੇ ਦੂਸਰੇ ਲੋਕ ਉਸ ਨੂੰ ਸੁਣਨ ਤੇ ਉਸ ਦੀ ਪ੍ਰਸੰਸਾ ਕਰਨ। ਜਦੋਂ ਬੱਚਾ ਛੋਟਾ ਹੁੰਦਾ ਹੈ ਤਾਂ ਮਾਤਾ ਪਿਤਾ ਉਸ ਦੀ ਹਰੇਕ ਗੱਲ ਨੂੰ ਜਾਂ ਈਨ ਨੂੰ ਪੂਰਾ ਕਰਨ ਦਾ ਯਤਨ ਕਰਦੇ ਹਨ। ਬੱਚਾ ਥੋੜਾ ਵੱਡਾ ਹੁੰਦਾ ਹੈ ਤਾਂ ਮਾਤਾ ਪਿਤਾ ਉਸ ਦੇ ਦੋਸਤ ਵੀ ਬਣਦੇ ਹਨ। ਪਰੰਤੂ ਬੱਚੇ ਦੀ ਹਰੇਕ ਖਾਹਿਸ਼ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਪੁਰਾਣੀ ਬਚਪਨ ਦੀ ਆਦਤ ਕਰਕੇ ਉਹ ਜਿਦ ਵੀ ਕਰਦਾ ਹੈ। ਅਜੇਹੀ ਸਥਿਤੀ ਵਿਚ ਸਖਤੀ ਵੀ ਕੰਮ ਨਹੀਂ ਕਰਦੀ ਹੈ ਤੇ ਕਈ ਵਾਰੀ ਸਮਝਾਣਾ ਵੀ ਮੁਸ਼ਕਲ ਹੋ ਜਾਂਦਾ ਹੈ। ਬੱਚੇ ਦੀ ਬੁਧੀ ਦਾ ਵਿਕਾਸ ਉਮਰ ਦੇ ਨਾਲ ਹੌਲੀ ਹੌਲੀ ਹੁੰਦਾ ਹੈ, ਇਸ ਲਈ ਬੱਚਿਆਂ ਨਾਲ ਸਬੰਧ ਬਣਾਣ ਲਈ ਤੇ ਉਨ੍ਹਾਂ ਦੇ ਜੀਵਨ ਦੇ ਵਿਕਾਸ ਲਈ ਨਿਰੰਤਰ ਉਪਰਾਲੇ ਕਰਦੇ ਰਹਿਣਾ ਹੈ।

*ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ ॥* (੧੧੦੯)

**ਬੱਚੇ ਆਪਣੀਆਂ ਭਾਵਨਾਵਾਂ ਤੇ ਕਾਬੂ ਨਹੀਂ ਰਖ ਸਕਦੇ ਹਨ:** ਜਦੋਂ ਬੱਚੇ ਆਪਣੀ ਇਛਾਂ ਕਿਸੇ ਦੂਸਰੇ ਨੂੰ ਨਾ ਦੱਸ ਸਕਣ, ਜਾਂ ਉਸ ਨੂੰ ਠੀਕ ਤਰ੍ਹਾਂ ਨਾ ਸਮਝਾ ਸਕਣ, ਤਾਂ ਅਕਸਰ ਬੱਚੇ ਚਿੜਚਿੜੇ ਹੋ ਜਾਂਦੇ ਹਨ। ਅਜੇਹੀ ਸਥਿਤੀ ਵਿਚ ਬੱਚੇ ਨੂੰ ਚੁਪ ਕਰਨ ਲਈ ਜਾਂ ਰੋਣਾ ਬੰਦ ਕਰਨ ਲਈ ਕਹਿਣ ਨਾਲ ਕੋਈ ਲਾਭ ਨਹੀਂ ਹੁੰਦਾ। ਬਲਕਿ ਬੱਚੇ ਨੂੰ ਆਪਣੀ ਗੱਲ ਕਰਨ ਵਿਚ ਤੇ ਉਸ ਨੂੰ ਆਪਣੀ ਭਾਵਨਾਂ ਦੱਸਣ ਲਈ ਸਹਾਇਤਾ ਕਰਨੀ ਚਾਹੀਦੀ ਹੈ। ਬੱਚਿਆਂ ਦੀਆਂ ਭਾਵਨਾਂਵਾਂ ਜਾਂ ਆਮ ਮਨੁੱਖ ਦੀ ਭਾਵਨਾਂ ਨੂੰ ਜਾਨਣ ਲਈ ਸਾਨੂੰ ਗੁਰੂ ਦੇ ਦਰ ਤੇ ਆਉਂਣਾ ਪਵੇਗਾ, ਗੁਰੂ ਦੀ ਮਤ ਅਪਨਾਣੀ ਪਵੇਗੀ।

*ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥ (੯੨੨)*

ਪ੍ਰੇਮ ਤੇ ਸਰਬੱਤ ਦੇ ਭਲੇ ਵਿਚ ਉਹੀ ਮਨੁੱਖ ਪੂਰਾ ਉੱਤਰ ਸਕਦਾ ਹੈ, ਜਿਹੜਾ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝ ਲੈਂਦਾ ਹੈ ਤੇ ਉਸ ਦੀ ਰਜ਼ਾ ਵਿਚ ਰਹਿਣਾ ਕਬੂਲ ਕਰ ਲੈਂਦਾ ਹੈ। ਅਸਲੀ ਮਨੁੱਖ ਉਹੀ ਹੈ, ਜੋ ਕਿ ਸਾਰਿਆ (ਬੱਚੇ ਜਾਂ ਵੱਡੇ) ਵਿੱਚ, ਉਸ ਅਕਾਲ ਪੁਰਖੁ ਨੂੰ ਵਸਦਾ ਵੇਖਦਾ ਹੈ, ਕਿਉਂਕਿ ਅਜੇਹਾ ਮਨੁੱਖ ਹੀ ਉਸ ਅਕਾਲ ਪੁਰਖੁ ਦੇ ਭੇਦ ਨੂੰ ਸਮਝਣ ਦੀ ਦਿਸ਼ਾ ਵਲ ਜਾ ਸਕਦਾ ਹੈ।

***ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥ (੧੩੫੦)***

**ਮਾਤਾ ਪਿਤਾ ਨੂੰ ਬੱਚਿਆਂ ਨਾਲ ਗੱਲਬਾਤ ਕਰਨ ਲਈ ਉਚੇਚਾ ਸਮਾਂ ਕੱਢਣਾ ਚਾਹੀਦਾ ਹੈ:** ਜੇਕਰ ਮਾਤਾ ਪਿਤਾ ਚਾਹੁੰਦੇ ਹਨ ਕਿ ਬੱਚੇ ਉਨ੍ਹਾਂ ਦੀ ਗੱਲ ਸੁਣਨ ਤਾਂ ਜਰੂਰੀ ਹੈ ਕਿ ਪਹਿਲਾਂ ਮਾਤਾ ਪਿਤਾ ਵੀ ਆਪਣੇ ਬੱਚਿਆਂ ਦੀ ਗੱਲਬਾਤ ਸੁਣਨ ਦੀ ਆਦਤ ਪਾਉਣ। ਜਦੋਂ ਕੋਈ ਬੱਚੇ ਦੀ ਗੱਲ ਨੂੰ ਨਹੀਂ ਸੁਣਦਾ ਹੈ ਤਾਂ ਬੱਚਾ ਖਿਝਣ ਲੱਗ ਪੈਂਦਾ ਹੈ ਤੇ ਚਿੜਚਿੜੇ ਸੁਭਾਅ ਵਾਲਾ ਬਣ ਜਾਂਦਾ ਹੈ, ਚੀਕਣ ਲਗ ਪੈਂਦਾ ਹੈ, ਚੀਜ਼ਾਂ ਸੁਟਣੀਆਂ ਸ਼ੁਰੂ ਕਰ ਦਿੰਦਾ ਹੈ। ਜੇਕਰ ਬੱਚੇ ਦੀ ਗੱਲਬਾਤ ਨੂੰ ਧਿਆਨ ਨਾਲ ਸੁਣਿਆ ਜਾਵੇ, ਉਸ ਨੂੰ ਆਪਣੀ ਭਾਵਨਾਂ ਦੱਸਣ ਲਈ ਮੌਕਾ ਦਿਤਾ ਜਾਵੇ ਤੇ ਸਹਾਇਤਾ ਕੀਤੀ ਜਾਵੇ ਤਾਂ ਬੱਚੇ ਨੂੰ ਆਪਣੀ ਮੁਸ਼ਕਲ ਸਮਝਣ ਵਿਚ ਤੇ ਉਸ ਦਾ ਹੱਲ ਲੱਭਣ ਵਿਚ ਸਹਾਇਤਾ ਮਿਲ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਬੱਚਾ ਆਪਣੀਆਂ ਭਾਵਨਾਂਵਾਂ ਤੇ ਕਾਬੂ ਕਰਨਾ ਸਿਖ ਜਾਂਦਾ ਹੈ ਤੇ ਰੋਜਾਨਾਂ ਦੀ ਚਿੜਚਿੜ ਤੇ ਰੋਣਾਂ ਘਟ ਜਾਂਦਾ ਹੈ। ਜਦੋਂ ਅਸੀਂ ਬੱਚਿਆਂ ਨੂੰ ਸੁਣਨਾ ਸ਼ੁਰੂ ਕਰ ਦਿੰਦੇ ਹਾਂ, ਤਾਂ ਬੱਚੇ ਵੀ ਆਪਣੇ ਮਾਤਾ ਪਿਤਾ ਦਾ ਕਹਿਣਾਂ ਮੰਨਣਾਂ ਸ਼ੁਰੂ ਕਰ ਦਿੰਦੇ ਹਨ। ਇਸ ਲਈ ਬੱਚਿਆਂ ਨਾਲ ਗੱਲਬਾਤ ਕਰਨ ਲਈ ਉਚੇਚਾ ਸਮਾਂ ਕੱਢਣਾ ਬਹੁਤ ਜਰੂਰੀ ਹੈ, ਤਾਂ ਜੋ ਮਾਤਾ ਪਿਤਾ ਦਾ ਬੱਚਿਆਂ ਨਾਲ ਸਬੰਧ ਬਣਿਆ ਰਹੇ। ਭਾਂਵੇ ਕਿਸੇ ਤਰ੍ਹਾਂ ਦੀ ਸਥਿਤੀ ਹੋਵੇ, ਆਪਣਾ ਕੰਮ ਬੰਦ ਕਰਕੇ ਬੱਚਿਆਂ ਲਈ ਕੁਝ ਸਮਾਂ ਜਰੂਰ ਕੱਢਣਾ ਚਾਹੀਦੀ ਹੈ। ਬੱਚਿਆਂ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਸਾਂਝ ਪੈਦਾ ਕਰਨੀ ਬਹੁਤ ਸਹਾਇਕ ਹੁੰਦੀ ਹੈ। ਬੱਚਾ ਜੋ ਕੁਝ ਵੀ ਕਹਿ ਰਿਹਾ ਹੈ ਉਸ ਨੂੰ ਸੁਣਨ ਦੇ ਨਾਲ ਨਾਲ ਇਹ ਵੀ ਬੋਲਦੇ ਰਹਿਣਾ ਚਾਹੀਦਾ ਹੈ, ਜਿਸ ਤਰ੍ਹਾਂ ਕਿ "ਹਾਂ", "ਠੀਕ ਹੈ", "ਹੋਰ ਦੱਸੋ", ਆਦਿ। ਬੱਚੇ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਉਚੇਚਾ ਧਿਆਨ

ਦੇਣ ਦੀ ਲੋੜ ਹੈ। ਮੁਸ਼ਕਲ ਸਥਿਤੀ ਵਿਚ ਬੱਚੇ ਦਾ ਕਹਿਣਾਂ ਮੰਨਿਆ ਜਾ ਸਕਦਾ ਹੈ, ਹੌਸਲਾ ਦਿਤਾ ਜਾ ਸਕਦਾ ਹੈ, ਪਿਆਰ ਨਾਲ ਸਮਝਾਇਆ ਜਾ ਸਕਦਾ ਹੈ, ਜਾਂ ਬੱਚੇ ਦੀ ਖਾਣ ਦੀ ਪਸੰਦ ਦੀ ਚੀਜ਼ ਬਣਾ ਕੇ ਖੁਸ਼ ਕੀਤਾ ਜਾ ਸਕਦਾ ਹੈ। ਬੱਚੇ ਨਾਲ ਸਬੰਧ ਕਾਇਮ ਕਰਨ ਲਈ ਲਗਾਤਾਰ ਉਪਰਾਲੇ ਦੀ ਲੋੜ ਹੈ। ਇਹ ਹਮੇਸ਼ਾਂ ਧਿਆਨ ਵਿਚ ਰੱਖਣਾ ਹੈ, ਕਿ ਸਬੰਧ ਕਾਇਮ ਕਰਨ ਲਈ ਬਹੁਤ ਸਮਾਂ ਲਗ ਸਕਦਾ ਹੈ, ਪਰੰਤੂ ਭਰੋਸਾ ਪਲ ਭਰ ਵਿਚ ਟੁਟ ਸਕਦਾ ਹੈ। ਇਸ ਲਈ ਲਗਾਤਾਰ ਸੁਚੇਤ ਰਹਿਣ ਤੇ ਉਪਰਾਲੇ ਕਰਨ ਦੀ ਲੋੜ ਹੈ।

***ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥ ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ*** *॥੨॥ (੪੮੮)*

**ਮਾਤਾ ਪਿਤਾ ਨੂੰ ਬੱਚਿਆਂ ਨਾਲ ਸੋਚ ਵਿਚਾਰ ਕੇ ਧਿਆਨ ਨਾਲ ਗੱਲਬਾਤ ਕਰਨੀ ਚਾਹੀਦੀ ਹੈ:** ਮਾਤਾ ਪਿਤਾ ਕਿਹੋ ਜਿਹੇ ਸਬਦਾ ਨਾਲ, ਕਿਸ ਤਰ੍ਹਾਂ ਦੇ ਲਹਿਜੇ ਨਾਲ, ਕਿਸ ਤਰ੍ਹਾਂ ਦਾ ਮੂੰਹ ਬਣਾ ਕੇ, ਕਿਸ ਤਰ੍ਹਾਂ ਨਾਲ ਅੱਖਾਂ ਨਾਲ ਵੇਖ ਕੇ ਬੱਚਿਆਂ ਨਾਲ ਗੱਲਬਾਤ ਕਰਦੇ ਹਨ, ਇਨ੍ਹਾਂ ਸਭ ਦਾ ਬੱਚੇ ਦੇ ਮਾਤਾ ਪਿਤਾ ਨਾਲ ਤਾਲਮੇਲ ਬਣਾਣ ਉੱਪਰ ਤੇ ਬੱਚੇ ਦੇ ਵਤੀਰੇ ਉੱਪਰ ਬਹੁਤ ਪ੍ਰਭਾਵ ਪੈਂਦਾ ਹੈ। ਜਿਥੋਂ ਤਕ ਹੋ ਸਕੇ ਮਾਤਾ ਪਿਤਾ ਦਾ ਗੱਲਬਾਤ ਕਰਨ ਦਾ ਤਰੀਕਾ ਆਸ਼ਾਵਾਦੀ, ਉਤਸ਼ਾਹ ਦੇਣ ਵਾਲਾ ਤੇ ਠੀਕ ਹੋਣਾ ਚਾਹੀਦਾ ਹੈ। ਜੇਕਰ ਕੋਈ ਮਜਬੂਰੀ ਜਾਂ ਮੁਸ਼ਕਲ ਹੋਵੇ, ਜਿਸ ਕਰਕੇ ਬੱਚੇ ਦੀ ਇੱਛਾ ਪੂਰੀ ਨਹੀਂ ਕਰ ਸਕਦੇ ਤਾਂ ਗੱਲਬਾਤ ਕਰਨ ਸਮੇਂ ਪੱਕੇ, ਠੀਕ ਤੇ ਭਰੋਸੇ ਵਾਲੇ ਲਗਣੇ ਚਾਹੀਦੇ ਹਨ। ਮਾਤਾ ਪਿਤਾ ਬੱਚੇ ਨੂੰ ਡਾਂਵਾਂਡੋਲ, ਅਨਿਸ਼ਚਤ ਤੇ ਸ਼ੱਕ ਵਾਲੇ ਨਹੀਂ ਲੱਗਣੇ ਚਾਹੀਦੇ ਹਨ। ਮਾਤਾ ਪਿਤਾ ਬੱਚੇ ਨੂੰ ਬਿਨਾ ਉੱਚੀ ਬੋਲੇ ਪਿਆਰ ਨਾਲ ਸਮਝਾ ਸਕਦੇ ਹਨ।

***ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥ (੨੮੩)***

**ਬੱਚਿਆਂ ਨੂੰ ਪ੍ਰੇਸ਼ਾਨ ਕਰਨਾ ਤੇ ਨਿੰਦਣਾ ਨਹੀਂ**: ਇਹ ਬਹੁਤ ਜਰੂਰੀ ਹੈ ਕਿ ਬੱਚਿਆਂ ਦੇ ਚੰਗੇ ਕੰਮਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਚੰਗੀਆਂ ਉਪਲਬਧੀਆਂ ਤੇ ਕਹਿਣਾਂ ਮੰਨਣ ਲਈ ਇਨਾਮ ਵੀ ਦੇਣਾਂ ਚਾਹੀਦਾ ਹੈ। ਬੱਚਿਆਂ ਦਾ ਟਾਈਮ ਟੇਬਲ ਬਣਾਣਾ ਚਾਹੀਦਾ ਹੈ, ਕਿ ਉਨ੍ਹਾਂ ਨੇ ਕਿਸ ਸਮੇਂ ਕੀ ਕੀ ਕਰਨਾ ਹੈ। ਜੇਕਰ ਕੋਈ ਖੇਡਣ ਵੇਲੇ ਰੋਕੇ ਤਾਂ ਬੱਚੇ ਨੂੰ ਚੰਗਾ ਨਹੀਂ ਲਗਦਾ ਹੈ। ਜੇਕਰ ਬੱਚੇ ਦਾ ਟਾਈਮ ਟੇਬਲ ਬਣਿਆ ਹੋਵੇਗਾ ਤਾਂ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਹੋਵੇਗਾ ਕਿ ਕੀ ਕਰਨਾ ਹੈ, ਇਸ ਲਈ ਡਾਂਟਣ ਦੀ ਲੋੜ ਨਹੀਂ ਪਵੇਗੀ।

***ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ*** *॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥ (੧੩੮੪)*

**ਨਿਮਰਤਾ, ਸ਼ਾਂਤੀ ਤੇ ਦ੍ਰਿੜਤਾ**: ਜੇਕਰ ਕੋਈ ਪੱਕਾ ਫੈਸਲਾ ਕੀਤਾ ਗਿਆ ਹੈ ਤਾਂ ਉਸ ਤੇ ਦ੍ਰਿੜ ਰਹਿਣਾ ਚਾਹੀਦਾ ਹੈ। ਅਜੇਹੇ ਫੈਸਲਾ ਕਰਨ ਲਈ ਆਪਣੇ ਜੀਵਨ ਸਾਥੀ ਦੀ ਸਹਿਮਤੀ ਤੇ ਸਾਥ ਬਹੁਤ ਜਰੂਰੀ ਹੈ। ਹੋ ਸਕਦਾ ਹੈ ਕਿ ਬੱਚਿਆਂ ਨੂੰ ਭਾਂਵੇਂ ਮਾਤਾ/ਪਿਤਾ ਦੀ ਇਹ ਗੱਲ ਪਸੰਦ ਨਾ ਆਵੇ ਤੇ ਉਹ ਪਿਤਾ/ਮਾਤਾ ਦਾ ਆਸਰਾ ਲੈਂਣ ਦੀ ਕੋਸ਼ਿਸ਼ ਕਰਨ। ਇਸ ਲਈ ਦੋਵਾਂ ਨੂੰ ਦ੍ਰਿੜ ਰਹਿਣਾ ਚਾਹੀਦਾ ਹੈ, ਤੇ ਆਪਣੀ ਗੱਲ ਪਿਆਰ ਨਾਲ ਸਮਝਾਣੀ ਚਾਹੀਦੀ ਹੈ। ਇਹ ਦ੍ਰਿੜਤਾਂ ਰੋਜਾਨਾ ਦੀ ਆਦਤ ਨਹੀਂ ਬਣ ਜਾਣੀ ਚਾਹੀਦੀ, ਕਿਉਂਕਿ ਵਾਰ ਵਾਰ ਅਜੇਹੇ ਹਾਲਾਤ ਵਿਚ ਬੱਚਾ ਇਕੱਲਾ ਤੇ ਬੇਸਹਾਰਾ ਸਮਝਣ ਲਗ ਜਾਂਦਾ ਹੈ। ਹੋਰ ਬਾਕੀ ਸਭ ਕੰਮ ਨਿਮਰਤਾ, ਸ਼ਾਂਤੀ ਤੇ ਪਿਆਰ ਨਾਲ ਹੋਣੇ ਚਾਹੀਦੇ ਹਨ।

***ਜਉ ਤਉ ਪ੍ਰੇਮ ਖੇਲਣ ਕਾ ਚਾਉ*** *॥* ***ਸਿਰੁ ਧਰਿ ਤਲੀ ਗਲੀ ਮੇਰੀ ਆਉ*** *॥* ***ਇਤੁ ਮਾਰਗਿ ਪੈਰੁ ਧਰੀਜੈ*** *॥* ***ਸਿਰੁ ਦੀਜੈ ਕਾਣਿ ਨ ਕੀਜੈ*** *॥੨੦॥ (੧੪੧੨)*

**ਦੂਰੋਂ ਆਵਾਜ਼ ਮਾਰਨ ਦੀ ਬਜਾਏ ਬੱਚਿਆਂ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਸਾਂਝ ਪੈਦਾ ਕਰਨੀ**: ਬੱਚੇ ਦਾ ਸੁਣਨਾ ਇਸ ਗੱਲ ਤੇ ਨਿਰਭਰ ਕਰਦਾ ਹੈ, ਕਿ ਮਾਤਾ ਪਿਤਾ ਬੱਚੇ ਨੂੰ ਕਿਸ ਤਰ੍ਹਾਂ ਬੁਲਾਉਂਦੇ ਹਨ। ਜੇਕਰ ਬੱਚਾ ਦੂਸਰੇ ਕਮਰੇ ਵਿਚ ਖੇਡ ਰਿਹਾ ਹੈ ਤਾਂ ਉਹ ਆਪਣੇ ਕੰਮ ਵਿਚ ਮਸਤ ਰਹਿੰਦਾ ਹੈ, ਇਸ ਲਈ ਜਰੂਰੀ ਨਹੀਂ ਕਿ ਉਹ ਗੱਲ ਸੁਣੇਗਾ। ਬੱਚਿਆਂ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਸਾਂਝ ਪੈਦਾ ਕਰਨੀ ਬਹੁਤ ਸਹਾਇਕ ਹੁੰਦੀ ਹੈ। ਆਪ ਨੀਵੇਂ ਹੋ ਕੇ ਜਾਂ ਮੇਜ ਤੇ ਇਕੋ ਜਿਹੀ ਉਚਾਈ ਤੇ ਹੋ ਕੇ ਗੱਲਬਾਤ ਕਰਨੀ ਚਾਹੀਦੀ ਹੈ। ਬੱਚੇ ਲਈ ਆਪਣਾ ਉਚੇਚਾ ਸਮਾਂ ਕੱਢਣਾ ਚਾਹੀਦਾ ਹੈ ਤੇ ਉਸ ਦੀ ਗੱਲ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਮਿਤਰਤਾ ਵਾਲਾ ਮਹੌਲ ਪੈਦਾ ਕਰਕੇ ਇਕ ਦੋਸਤ ਦੀ ਤਰ੍ਹਾਂ ਸਾਂਝ ਪੈਦਾ ਕਰਨ ਨਾਲ ਬੱਚਾ ਚੰਗੀਆਂ ਆਦਤਾਂ ਸਿਖਦਾ ਹੈ।

***ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥ ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ*** *॥੩॥ (੬੭੧)*

**ਬੱਚੇ ਨੂੰ ਕੰਮ ਕਰਨ ਲਈ ਤੇ ਸਾਂਝ ਪੈਦਾ ਕਰਨ ਲਈ ਉਤਸ਼ਾਹਤ ਕਰੋ:** ਬੱਚੇ ਦੇ ਨੁਕਸ ਕੱਢਣ ਦੀ ਬਜਾਏ, ਉਸ ਨੂੰ ਕੰਮ ਕਰਨ ਦਾ ਤਰੀਕਾ ਠੀਕ ਤਰ੍ਹਾਂ ਸਮਝਾਣਾ ਚਾਹੀਦਾ ਹੈ। ਜੇਕਰ ਸਮਝ ਨਹੀਂ ਆਂਉਂਦੀ ਤਾਂ ਦੁਬਾਰਾ ਸਰਲ ਲਫਜ਼ਾਂ ਵਿਚ ਸਮਝਾ ਦੇਣਾ ਚਾਹੀਦਾ ਹੈ। ਘਰ ਦੇ ਕੰਮਾਂ ਵਿਚ ਬੱਚੇ ਦਾ ਸਾਥ ਲੈਣਾਂ ਚਾਹੀਦਾ ਹੈ ਤਾਂ ਜੋ ਉਸ ਨੂੰ ਘਰ ਦੇ ਕੰਮ ਕਰਨੇ ਆ ਜਾਣ। ਜੇਕਰ ਬੱਚਾ ਗਲਤੀ ਕਰਦਾ ਹੈ ਤਾਂ ਉਸ ਨੂੰ ਪਿਆਰ ਨਾਲ ਦੁਬਾਰਾ ਸਮਝਾਇਆ ਜਾ ਸਕਦਾ ਹੈ ਜਾਂ ਦੁਬਾਰਾ ਕਰ ਕੇ ਵਿਖਾਇਆ ਜਾ ਸਕਦਾ ਹੈ। ਸਮੇਂ ਅਨੁਸਾਰ ਬੱਚੇ ਦੇ ਕੰਮਾਂ ਦੀ ਵੰਡ ਕਰਨ ਨਾਲ ਆਪਸੀ ਖਿਚੋਤਾਨ ਘਟਾਈ ਜਾ ਸਕਦੀ ਹੈ। ਇਸ ਲਈ ਗੁਰਬਾਣੀ ਦੁਆਰਾ ਅਕਾਲ ਪੁਰਖ ਦੇ ਹੁਕਮੁ ਨੂੰ ਸਮਝਣਾ ਹੈ ਤੇ ਉਸ ਦੇ ਗੁਣਾਂ ਨੂੰ ਜੀਵਨ ਵਿਚ ਅਪਨਾ ਕੇ ਬੱਚਿਆਂ ਨਾਲ ਸਾਂਝ ਪੈਦਾ ਕਰਨੀ ਹੈ।

***ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ (੭੬੫, ੭੬੬)***

**ਬੱਚਿਆ ਨੂੰ ਲਿਖਣ ਦਾ ਤੇ ਲੇਬਲ ਲਗਾਣ ਦਾ ਕੰਮ ਚੰਗਾ ਲਗਦਾ ਹੈ**: ਬੱਚਿਆ ਨੂੰ ਚੰਗੀਆਂ ਆਦਤਾ ਪਾਣ ਲਈ ਲੇਬਲ ਬਣਾ ਕੇ ਲੋੜੀਦੀਆਂ ਥਾਂਵਾਂ ਤੇ ਲਗਾਏ ਜਾ ਸਕਦੇ ਹਨ। ਬੱਚਿਆ ਦੇ ਗਿਆਨ ਵਿਚ ਵਾਧਾਂ ਕਰਨ ਲਈ ਤੇ ਜੀਵਨ ਸੰਬੰਧੀ ਸਿਖਿਆ ਦੇਣ ਲਈ ਵੱਖ ਵੱਖ ਤਰ੍ਹਾਂ ਦੇ ਮਾਡਲ ਬਣਾ ਕੇ ਸਮਝਾਇਆ ਜਾ ਸਕਦਾ ਹੈ। ਰੋਜਾਨਾ ਕੰਮ ਕਰਨ ਲਈ ਟਾਈਮ ਟੇਬਲ ਬਣਾਇਆ ਜਾ ਸਕਦਾ ਹੈ। ਬੱਚਿਆ ਦਾ ਹੌਸਲਾ ਵਧਾਣ ਲਈ ਇਨਾਮ ਤੇ ਨੰਬਰ ਦਿਤੇ ਜਾ ਸਕਦੇ ਹਨ। ਚੰਗੇ ਕੰਮਾਂ ਲਈ ਸਟਾਰ ਦਿਤੇ ਜਾ ਸਕਦੇ ਹਨ। ਬੱਚਿਆ ਨੂੰ ਲਿਖਣ ਦਾ ਬਹੁਤ ਸ਼ੌਕ ਹੁੰਦਾ ਹੈ, ਤੇ ਲੇਬਲ ਲਗਾਣ ਦਾ ਕੰਮ ਚੰਗਾ ਲਗਦਾ ਹੈ। ਅਜੇਹੇ ਕੰਮ ਵਿਚ ਬੱਚਿਆ ਦਾ ਸਾਥ ਲੈਣਾਂ ਚਾਹੀਦਾ ਹੈ, ਤਾਂ ਜੋ ਬੱਚਿਆ ਨਾਲ ਦੋਸਤੀ ਤੇ ਪਿਆਰ ਕਾਇਮ ਕੀਤਾ ਜਾ ਸਕੇ।

ਆਪਣੇ ਅੰਦਰ ਤੇ ਬੱਚਿਆਂ ਦੇ ਅੰਦਰ ਉੱਚਾ ਆਚਰਨ ਤੇ ਚੰਗੇ ਗੁਣ ਪੈਦਾ ਕਰਨ ਲਈ, ਗੁਰੂ ਦੇ ਕਹੇ ਅਨੁਸਾਰ, ਉਸ ਅਕਾਲ ਪੁਰਖੁ ਨੂੰ ਗੁਰਬਾਣੀ ਦੁਆਰਾ ਚੇਤੇ ਕਰਦੇ ਰਹੋ। ਅਕਾਲ ਪੁਰਖੁ ਨੂੰ ਚਿਤ ਵਿਚ ਵਸਾਣ ਨਾਲ ਮਨੁੱਖ ਦੇ ਮਨ ਵਿਚ ਸੁਖਾਂ ਦਾ ਵਾਸਾ ਹੋ ਜਾਂਦਾ ਹੈ, ਸਦਾ ਸੁਖ ਸ਼ਾਤੀ ਬਣੀ ਰਹਿੰਦੀ ਹੈ ਤੇ ਦੁਖਾਂ ਦਾ ਨਾਸ ਹੋ ਜਾਂਦਾ ਹੈ। ਇਸ ਲਈ ਆਪਣੇ ਗੁਰੂ ਦੇ ਉਪਦੇਸ਼ ਅਨੁਸਾਰ ਚਲ ਕੇ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕਰਦੇ ਰਹੋ ਤੇ ਗੁਰੂ ਦੀ ਖੁਸ਼ੀਆਂ ਪ੍ਰਾਪਤ ਕਰਦੇ ਰਹੋ। ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣ ਦਾ ਨਤੀਜਾ ਇਹ ਹੋਵੇਗਾ ਕਿ ਅਸੀਂ ਸਦਾ ਆਤਮਕ ਆਨੰਦ ਮਾਣਦੇ ਰਹਿ ਸਕਦੇ ਹਾਂ। ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਵਾਲੇ ਗੁਰ-ਸ਼ਬਦ ਨੂੰ ਹਰ ਵੇਲੇ ਆਪਣੇ ਹਿਰਦੇ ਵਿਚ ਟਿਕਾ ਕੇ ਰੱਖੋ ਤੇ ਸ਼ਬਦ ਅਨੁਸਾਰ ਆਪਣੇ ਜੀਵਨ ਦੀ ਘਾੜਤ ਘੜਦੇ ਰਹੋ। ਜੇਕਰ ਗੁਰ-ਸ਼ਬਦ ਦੀ ਬਰਕਤ ਨਾਲ ਆਪਣੇ ਹਿਰਦੇ-ਘਰ ਵਿਚ ਅਡੋਲ ਟਿਕੇ ਰਹੋਗੇ, ਤਾਂ ਭਟਕਣਾ ਮੁੱਕ ਜਾਏਗੀ ਤੇ ਅਕਾਲ ਪੁਰਖੁ ਨੂੰ ਆਪਣੇ ਅੰਦਰੋਂ ਹੀ ਲੱਭ ਸਕੋਗੇ। ਆਪਣੇ ਜੀਵਨ ਨੂੰ ਵਿਕਾਰਾਂ ਤੋਂ ਬਚਾਣ ਲਈ, ਆਪਣੇ ਮਨ ਵਿਚ ਕਦੇ ਵੀ ਕਿਸੇ ਦਾ ਬੁਰਾ ਨਾ ਸੋਚੋ, ਕਦੇ ਵੀ ਮਨ ਵਿਚ ਅਜੇਹੀ ਇੱਛਾ ਪੈਦਾ ਨਾ ਹੋਣ ਦਿਓ, ਜਿਸ ਨਾਲ ਕਿਸੇ ਦਾ ਨੁਕਸਾਨ ਹੋਵੇ। ਇਸ ਦਾ ਨਤੀਜਾ ਇਹ ਹੋਵੇਗਾ ਕਿ ਤੁਹਾਨੂੰ ਵੀ ਕੋਈ ਦੁਖ ਨਹੀਂ ਲਗ ਸਕੇਗਾ। ਜਿਸ ਮਨੁੱਖ ਨੂੰ ਗੁਰੂ ਨੇ ਅਕਾਲ ਪੁਰਖੁ ਦਾ ਨਾਮੁ ਹੀ, ਟੂਣੇ ਜਾਂ ਮੰਤਰ ਦੇ ਤੌਰ ਤੇ ਦਿੱਤਾ, ਉਹ ਮਨੁੱਖ ਗੁਰੂ ਦੇ ਸ਼ਬਦ ਦੁਆਰਾ ਆਪਣੇ ਅੰਦਰ ਅਕਾਲ ਪੁਰਖੁ ਦੇ ਨਾਮੁ ਤੋਂ ਪੈਦਾ ਹੋਇਆ ਆਤਮਕ ਆਨੰਦ ਹਰ ਵੇਲੇ ਪਛਾਣਦਾ ਤੇ ਮਾਣਦਾ ਰਹਿੰਦਾ ਹੈ।

***ਆਸਾ ਮਹਲਾ ੫ ॥ ਜਾ ਕੈ ਸਿਮਰਨਿ ਸੁਖ ਨਿਵਾਸੁ ॥ ਭਈ ਕਲਿਆਣ ਦੁਖ ਹੋਵਤ ਨਾਸੁ ॥੧॥ ਅਨਦੁ ਕਰਹੁ ਪ੍ਰਭ ਕੇ ਗੁਨ ਗਾਵਹੁ ॥ ਸਤਿਗੁਰੁ ਅਪਨਾ ਸਦ ਸਦਾ ਮਨਾਵਹੁ ॥੧॥ ਰਹਾਉ ॥ ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥ ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥੨॥ ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥ ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਹਾ ॥ ਇਹੁ ਸੁਖੁ ਨਾਨਕ ਅਨਦਿਨੁ ਚੀਨ੍ਹਾ ॥੪॥੧੧॥੬੨॥ (੩੮੬)***

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

### ਬੱਚੇ ਮਾਤਾ ਪਿਤਾ ਦਾ ਕਹਿਣਾ ਕਿਉਂ ਨਹੀਂ ਮੰਨਦੇ ਹਨ? (ਭਾਗ ੫)
### Why children do not listen to the parents? (Part 5)

## ਬੱਚਿਆਂ ਨੂੰ ਕਹਿਣਾ ਮੰਨਣ ਲਈ ਤੇ ਅਨੁਸ਼ਾਸਨ ਕਿਸ ਤਰ੍ਹਾਂ ਸਿਖਾਇਆ ਜਾ ਸਕਦਾ ਹੈ?
## How to generate a good behavior and discipline in the children

ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਮਾਤਾ ਪਿਤਾ ਬੱਚੇ ਨੂੰ ਅਨੁਸ਼ਾਸਨ ਸਿਖਾਣ ਲਈ, ਜਾਣੇ ਅਨਜਾਣੇ ਵਿਚ ਕਈ ਵਾਰੀ ਉਲਟਾ ਵਿਗਾੜ ਲੈਂਦੇ ਹਨ। ਉਸ ਦਾ ਕਾਰਨ, ਉਨ੍ਹਾਂ ਦੀ ਆਪਣੀ ਸਕਸ਼ੀਅਤ ਤੇ ਉਨ੍ਹਾਂ ਦਾ ਆਪਣਾ ਅਨੁਸ਼ਾਸਨ ਸਿਖਾਣ ਦਾ ਤਰੀਕਾ ਹੀ ਹੁੰਦਾ ਹੈ। ਬੱਚੇ ਨੂੰ ਅਨੁਸ਼ਾਸਨ ਸਿਖਾਣ ਵਿਚ ਤੇ ਉਲਟਾ ਵਿਗਾੜਨ ਵਿਚ, ਮਾਤਾ ਪਿਤਾ ਦੀ ਆਪਣੀ ਸਕਸ਼ੀਅਤ ਤੇ ਉਨ੍ਹਾਂ ਦਾ ਗੱਲਬਾਤ ਕਰਨ ਦਾ ਤਰੀਕਾ ਬਹੁਤ ਅਹਿਮ ਭਾਗ ਅਦਾ ਕਰਦਾ ਹੈ।

**ਰੋਅਬ ਪਾਣ ਵਾਲੇ ਤੇ ਜਿਆਦਾ ਅਨੁਸ਼ਾਸਨ ਵਾਲੇ ਮਾਤਾ ਪਿਤਾ ਅਕਸਰ ਬੱਚੇ ਉੱਪਰ ਆਪਣਾ ਹੁਕਮ ਚਲਾਦੇ ਰਹਿੰਦੇ ਹਨ**, ਨੁਕਸ ਕੱਢਦੇ ਰਹਿੰਦੇ ਹਨ, ਤੇ ਤਰ੍ਹਾਂ ਤਰ੍ਹਾਂ ਦੇ ਕੰਮ ਕਰਨ ਨੂੰ ਕਹਿੰਦੇ ਰਹਿੰਦੇ ਹਨ। ਜਿਸ ਤਰ੍ਹਾਂ ਕਿ ਆਪਣੇ ਬੂਟ ਪਾਉ, ਦੰਦ ਸਾਫ ਕਰੋ, ਟੀ.ਵੀ. ਬੰਦ ਕਰੋ, ਆਪਣਾ ਖਾਣਾਂ ਠੀਕ ਤਰ੍ਹਾਂ ਖਾਉ, ਇਹ ਕਰੋ, ਉਹ ਕਰੋ, ਆਦਿ। ਕਿਸੇ ਵੀ ਇਨਸਾਨ ਨੂੰ ਇਹ ਚੰਗਾ ਨਹੀਂ ਲਗਦਾ ਕਿ ਕੋਈ ਉਸ ਨੂੰ ਰੋਅਬ ਪਾ ਕੇ ਕਹੇ ਕਿ ਇਹ ਕੰਮ ਕਰ, ਇਸ ਤਰ੍ਹਾਂ ਕਰ, ਇਸ ਤਰ੍ਹਾਂ ਕਿਉਂ ਕੀਤਾ, ਆਦਿ। ਇਹੋ ਸਭ ਕੁਝ ਬੱਚੇ ਨੂੰ ਵੀ ਚੰਗਾ ਨਹੀਂ ਲਗਦਾ ਕਿ ਕੋਈ ਉਸ ਉੱਪਰ ਰੋਅਬ ਪਾਵੇ। ਅਸੀਂ ਜਿਨਾਂ ਜਿਆਦਾ ਹੁਕਮ ਚਲਾਵਾਂਗੇ, ਰੋਅਬ ਪਾ ਕੇ ਕਹਾਂਗੇ, ਨੁਕਸ ਕੱਢਾਂਗੇ, ਬੱਚਾ ਉਤਨਾਂ ਹੀ ਜਿਆਦਾ ਅਣਗੌਲਿਆ ਕਰੇਗਾ, ਕਹਿੰਣਾਂ ਨਹੀਂ ਮੰਨੇਗਾ ਜਾਂ ਵਾਰ ਵਾਰ ਕਹਿਣ ਲਈ ਮਜਬੂਰ ਕਰੇਗਾ। ਇਹ ਬੱਚੇ ਦਾ ਆਪਣਾ ਕਹਿਣ ਦਾ ਤਰੀਕਾ ਹੈ, ਕਿ ਮੈਂ ਤੁਹਾਡਾ ਰੋਅਬ ਨਹੀਂ ਸਹਿਣ ਵਾਲਾ ਹਾਂ।

**ਇਸ ਤੋਂ ਇਲਾਵਾ ਦੂਸਰੀ ਤਰ੍ਹਾਂ ਦੇ ਮਾਤਾ ਪਿਤਾ ਉਹ ਹੁੰਦੇ ਹਨ, ਜਿਹੜੇ ਆਪਣੇ ਬੱਚੇ ਨੂੰ ਪੁਚਕਾਰਦੇ ਰਹਿੰਦੇ ਹਨ** ਤੇ ਸਦਾ ਖੁਸ਼ ਰੱਖਣਾ ਪਸੰਦ ਕਰਦੇ ਹਨ। ਉਹ ਵੀ ਆਪਣੇ ਆਪ ਨੂੰ ਅਸਹਾਇ ਮਹਿਸੂਸ ਕਰਦੇ ਹਨ, ਜਦੋਂ ਕਿ ਬੱਚਾ ਸਾਫ ਨਾਹ ਕਰ ਦਿੰਦਾ ਹੈ। ਅਜੇਹੇ ਮਾਤਾ ਪਿਤਾ ਬੱਚੇ ਨੂੰ ਬਿਨਾ ਕੁਝ ਕਹੇ, ਉਸ ਦਾ ਕੰਮ ਆਪ ਹੀ ਕਰ ਦਿੰਦੇ ਹਨ।

**ਤੀਸਰੀ ਤਰ੍ਹਾਂ ਦੇ ਮਾਤਾ ਪਿਤਾ ਉਹ ਹੁੰਦੇ ਹਨ, ਜਿਨ੍ਹਾਂ ਨੂੰ ਆਪਣੇ ਆਪ ਬਾਰੇ ਪਤਾ ਹੁੰਦਾ ਹੈ** ਤੇ ਇਹ ਵੀ ਸਮਝਦੇ ਹਨ ਕਿ ਉਨ੍ਹਾਂ ਦੇ ਵਤੀਰੇ ਤੇ ਸਕਸ਼ੀਅਤ ਦਾ ਬੱਚੇ ਉੱਪਰ ਕੀ ਅਸਰ ਪੈਂਦਾ ਹੈ। ਅਜੇਹੇ ਮਾਤਾ ਪਿਤਾ ਬੱਚੇ ਸਬੰਧੀ ਆਪਣਾ ਵਤੀਰਾ ਲੋੜ ਅਨੁਸਾਰ ਬਦਲਦੇ ਰਹਿੰਦੇ ਹਨ, ਜਿਸ ਸਦਕਾ ਉਹ ਬੱਚੇ ਨਾਲ ਠੀਕ ਤੇ ਅਸਰਦਾਰ ਤਰੀਕੇ ਨਾਲ ਗੱਲਬਾਤ ਕਰ ਸਕਦੇ ਹਨ।

### ਹੇਠ ਲਿਖੇ ਕੁਝ ਖਾਸ ਕਾਰਨ ਹਨ ਜਿਨ੍ਹਾਂ ਕਰਕੇ ਬੱਚੇ ਮਾਤਾ ਪਿਤਾ ਦਾ ਕਹਿਣਾ ਨਹੀਂ ਮੰਨਦੇ ਹਨ:-

**ਚੀਜ਼ਾਂ ਨਾਲ ਲਗਾਵ ਤੇ ਮਹੱਤਤਾ ਦੀ ਖਾਹਿਸ਼**: ਜਿਸ ਤਰ੍ਹਾਂ ਵੱਡਿਆ ਨੂੰ ਆਪਣੀਆਂ ਚੀਜ਼ਾ ਨਾਲ ਭਾਵਨਾਤਕ ਤੌਰ ਤੇ ਲਗਾਵ ਹੁੰਦਾ ਹੈ ਤੇ ਦੂਸਰਿਆਂ ਕੋਲੋਂ ਪ੍ਰਸੰਸਾ ਤੇ ਮਹੱਤਤਾ ਲੈਣ ਦੀ ਖਾਹਿਸ਼ ਹੁੰਦੀ ਹੈ, ਠੀਕ ਉਸੇ ਤਰ੍ਹਾਂ ਬੱਚਿਆਂ ਨੂੰ ਵੀ ਆਪਣੇ ਖਿਲੌਨੇ ਤੇ ਚੀਜ਼ਾ ਨਾਲ ਲਗਾਵ ਹੁੰਦਾ ਹੈ ਤੇ ਦੂਸਰਿਆਂ ਕੋਲੋਂ ਪ੍ਰਸੰਸਾ ਮਿਲਣ ਦੀ ਖਾਹਿਸ਼ ਹੁੰਦੀ ਹੈ। ਵੱਡਿਆ ਵਾਂਗ ਬੱਚੇ ਵੀ ਆਜ਼ਾਦ ਰਹਿਣਾ ਚਾਹੁੰਦੇ ਹਨ ਤੇ ਚੰਗੇ ਤਰੀਕੇ ਨਾਲ ਆਪਣਾ ਯੋਗਦਾਨ ਦੇਣਾਂ ਚਾਹੁੰਦੇ ਹਨ। ਜੇਕਰ ਬੱਚਿਆਂ ਦੀ ਇਹ ਕੁਦਰਤੀ ਖਾਹਿਸ਼ ਪੂਰੀ ਨਾ ਕੀਤੀ ਜਾਵੇ ਤਾਂ ਉਹ ਇਸ ਦਾ ਵਿਰੋਧ ਕਰਨ ਦੇ ਲਈ ਮਾਤਾ ਪਿਤਾ ਦਾ ਕਹਿਣਾ ਨਹੀਂ ਮੰਨਦੇ ਹਨ।

*ਸਲੋਕੁ ਮਃ ੩ ॥ **ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥ ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ** ॥ (੬੪੩, ੬੪੪)*

**ਬੱਚਿਆਂ ਲਈ ਸਮਾਂ ਤੇ ਧਿਆਨ ਦੇਣ ਦੀ ਲੋੜ:** ਹਰੇਕ ਬੱਚਾ ਚਾਹੁੰਦਾ ਹੈ ਕਿ ਮਾਤਾ ਪਿਤਾ ਉਸ ਲਈ ਵੱਧ ਤੋਂ ਵੱਧ ਸਮਾਂ ਕੱਢਣ ਤੇ ਪੂਰੀ ਤਰ੍ਹਾਂ ਉਸ ਵੱਲ ਧਿਆਨ ਦੇਣ। ਜੇਕਰ ਮਾਤਾ ਪਿਤਾ ਬੱਚੇ ਵੱਲ ਧਿਆਨ ਨਾ ਦੇਣ ਤਾਂ ਬੱਚਾ ਮਾਤਾ ਪਿਤਾ ਦਾ ਧਿਆਨ ਆਪਣੇ ਵੱਲ ਕਰਨ ਲਈ ਕੁਝ ਨਾ ਕੁਝ ਕਰਨਾ ਸ਼ੁਰੂ ਕਰ ਦਿੰਦਾ ਹੈ, ਜਿਸ ਤਰ੍ਹਾਂ ਕਿ ਊ ਊ ਕਰਨਾ, ਸ਼ੋਰ ਮਚਾਉਂਣਾਂ, ਰੀ ਰੀ ਕਰਨਾ, ਨਾਲ ਚਿੰਬੜਨਾ, ਆਦਿ। ਇਹ ਸਭ ਕੁਝ ਬੱਚਾ ਮਾਤਾ ਪਿਤਾ ਦਾ ਧਿਆਨ ਖਿਚਣ ਲਈ ਤੇ ਪਿਆਰ ਪਾਣ ਲਈ ਕਰਦਾ ਹੈ। ਮਾਤਾ ਪਿਤਾ ਨੂੰ ਬੱਚੇ ਦੀਆਂ ਮਾਨਸਿਕ ਲੋੜਾਂ ਪੂਰੀਆਂ ਕਰਨ ਲਈ ਸਦਾ ਸੁਚੇਤ ਰਹਿਣ ਦੀ ਲੋੜ ਹੈ। ਇਸ ਲਈ ਬੱਚੇ ਦਾ ਧਿਆਨ ਰੱਖਣ ਲਈ ਮਾਤਾ ਪਿਤਾ ਨੂੰ ਉਚੇਚਾ ਸਮਾਂ ਕੱਢਣਾ ਚਾਹੀਦਾ ਹੈ।

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥ (੧੮੨)*

**ਬੱਚਿਆਂ ਨੂੰ ਆਪਣਾ ਕੰਮ ਆਪ ਕਰਨ ਦੀ ਆਜਾਦੀ ਲਈ ਖਾਹਿਸ਼**: ਬਹੁਤ ਸਾਰੇ ਕੰਮ ਅਜੇਹੇ ਹੁੰਦੇ ਹਨ, ਜਿਹੜੇ ਕਿ ਬੱਚਾ ਖੁਦ ਆਪ ਵੀ ਕਰ ਸਕਦਾ ਹੈ। ਪਰੰਤੂ ਜੇਕਰ ਬੱਚੇ ਦੇ ਸਾਰੇ ਕੰਮ ਉਸ ਦੇ ਮਾਤਾ ਪਿਤਾ ਆਪ ਹੀ ਕਰੀ ਜਾਣ ਤਾਂ ਬੱਚੇ ਨੂੰ ਲਗਦਾ ਹੈ ਕਿ ਉਸ ਦੀ ਮਹੱਤਤਾ ਘਟ ਰਹੀ ਹੈ। ਅਜੇਹਾ ਕਰਨ ਨਾਲ ਨਾ ਤਾਂ ਬੱਚਾ ਕੋਈ ਯੋਗਤਾ ਹਾਸਲ ਕਰ ਸਕਦਾ ਹੈ, ਤੇ ਨਾ ਹੀ ਕਦੇ ਆਪਣੇ ਆਪ ਨੂੰ ਕੰਮ ਕਰਨ

ਦੇ ਯੋਗ ਸਮਝ ਸਕੇਗਾ। ਬੱਚੇ ਨੂੰ ਇਸ ਤਰ੍ਹਾਂ ਮਹਿਸੂਸ ਹੋਣ ਲਗ ਪੈਂਦਾ ਹੈ, ਕਿ ਮਾਤਾ ਪਿਤਾ ਉਸ ਦੇ ਆਪਣੇ ਜੀਵਨ ਨੂੰ ਆਜ਼ਾਦੀ ਨਾਲ ਜੀਊਣ ਦਾ ਹੱਕ ਖੋ ਰਹੇ ਹਨ। ਅਜੇਹੇ ਮਾਤਾ ਪਿਤਾ ਬੱਚੇ ਨੂੰ ਆਜ਼ਾਦੀ ਨਾਲ ਸੋਚਣ ਵਿਚ ਤੇ ਉਸ ਦੇ ਵਿਕਾਸ ਲਈ ਰੁਕਾਵਟ ਬਣ ਜਾਂਦੇ ਹਨ। ਬੱਚੇ ਦਾ ਨਾ ਕਹਿਣਾ ਮੰਨਣਾ ਜਾ ਵਿਰੋਧ ਕਰਨਾ ਇਸ ਗੱਲ ਦਾ ਸੰਕੇਤ ਹੈ, ਕਿ ਬੱਚਾ ਆਪਣੀ ਆਜ਼ਾਦੀ ਤੇ ਮਹੱਤਤਾ ਵਿਚ ਰੁਕਾਵਟ ਮਹਿਸੂਸ ਕਰਦਾ ਹੈ। ਅਜੇਹੀ ਸਥਿਤੀ ਵਿਚ ਮਾਤਾ ਪਿਤਾ ਨੂੰ ਸੁਚੇਤ ਹੋ ਕੇ ਫੈਸਲੇ ਕਰਨੇ ਚਾਹੀਦੇ ਹਨ, ਤਾਂ ਜੋ ਬੱਚਾ ਆਪਣੀ ਆਜ਼ਾਦੀ ਵੀ ਮਹਿਸੂਸ ਕਰੇ ਤੇ ਨਾਲ ਦੀ ਨਾਲ ਜਿਥੇ ਬੱਚੇ ਅੰਦਰ ਕੁਝ ਖਾਮੀਆਂ ਹਨ, ਉਨ੍ਹਾਂ ਨੂੰ ਪੂਰਾ ਵੀ ਕੀਤਾ ਜਾ ਸਕੇ।

***ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ*** *॥੨੦॥ (੪੭੪)*

**ਅਕਸਰ ਵੇਖਣ ਵਿਚ ਆਉਂਦਾ ਹੈ, ਬੱਚੇ ਨੂੰ ਅਨੁਸ਼ਾਸਨ ਸਿਖਾਣ ਲਈ ਕਈ ਵਾਰੀ ਮਾਤਾ ਪਿਤਾ ਜਾਣੇ ਅਨਜਾਣੇ ਵਿਚ ਕਈ ਗਲਤੀਆਂ ਕਰ ਲੈਂਦੇ ਹਨ, ਜਿਸ ਨਾਲ ਉਹ ਬੱਚੇ ਨੂੰ ਉਲਟਾ ਵਿਗਾੜ ਲੈਂਦੇ ਹਨ। ਜਿਸ ਤਰ੍ਹਾਂ ਕਿ:**

**ਬੱਚੇ ਨੂੰ ਅੰਤਿਮ ਚਿਤਾਵਨੀ ਦੇਣੀ:** ਕਈ ਵਾਰੀ ਮਾਤਾ ਪਿਤਾ ਬੱਚੇ ਨੂੰ ਚਿਤਾਵਨੀ ਦੇ ਦਿੰਦੇ ਹਨ, ਕਿ ਜੇਕਰ ਤੂੰ ਤਿਆਰ ਨਹੀਂ ਹੋਇਆ ਤਾਂ ਤੈਨੂੰ ਘਰ ਛੱਡ ਦਿਤਾ ਜਾਵੇਗਾ। ਪਰੰਤੂ ਕਈ ਵਾਰੀ ਬੱਚਾ ਨਹੀਂ ਸੁਣਦਾ ਹੈ ਤੇ ਸਥਿਤੀ ਅਕਸਰ ਅਜੇਹੀ ਹੁੰਦੀ ਹੈ ਕਿ ਬੱਚੇ ਨੂੰ ਇਕੱਲਾ ਘਰ ਨਹੀਂ ਛੱਡਿਆ ਜਾ ਸਕਦਾ। ਇਸ ਲਈ ਅਜੇਹੀਆਂ ਅੰਤਿਮ ਚਿਤਾਵਨੀਆਂ, ਜਿਨ੍ਹਾਂ ਤੇ ਅਮਲ ਨਹੀਂ ਕੀਤਾ ਜਾ ਸਕਦਾ ਹੈ, ਦੇਣ ਤੋਂ ਸੰਕੋਚ ਕਰਨਾ ਚਾਹੀਦਾ ਹੈ।

***ਗੰਢੁ ਪਰੀਤੀ ਮਿਠੇ ਬੋਲ*** *॥ (੧੪੩)*

**ਬੱਚਿਆਂ ਸਾਹਮਣੇ ਝੂਠ ਬੋਲਣਾ**: ਕਈ ਵਾਰੀ ਬੱਚੇ ਦੀ ਤਸੱਲੀ ਕਰਾਣ ਲਈ ਜਾਂ ਸਮਝਾਣ ਲਈ ਮਾਤਾ ਪਿਤਾ ਬੱਚੇ ਨਾਲ ਝੂਠ ਬੋਲਦੇ ਹਨ। ਹੋ ਸਕਦਾ ਹੈ ਕਿ ਅਸੀਂ ਇਕ ਅੱਧੇ ਝੂਠ ਨਾਲ ਬਚ ਜਾਈਏ, ਪਰੰਤੂ ਝੂਠ ਸਦਾ ਲਈ ਨਹੀਂ ਚਲ ਸਕਦਾ ਹੈ। ਅਸੀਂ ਭਾਂਵੇ ਭੁਲ ਜਾਈਏ, ਪਰੰਤੂ ਬੱਚੇ ਨਾਲ ਕੀਤਾ ਹੋਇਆ ਵਾਇਦਾ, ਬੱਚੇ ਨਹੀਂ ਭੁਲਦੇ ਹਨ। ਇਹ ਸਭ ਕੁਝ ਸਾਡੇ ਲਈ ਭਵਿੱਖ ਵਿਚ ਮਹਿੰਗਾ ਪੈ ਸਕਦਾ ਹੈ। ਇਸ ਲਈ ਸਚ ਤੇ ਪਹਿਰਾ ਦੇਣਾ ਹੀ ਬਿਹਤਰ ਹੈ।

***ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥ ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥ ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥ (੪੮੮)***

**ਬੱਚੇ ਨੂੰ ਵਾਰ ਵਾਰ ਚਿਤਾਵਨੀ ਦੇਣੀ:** ਕਈ ਵਾਰੀ ਮਾਤਾ ਪਿਤਾ ਬੱਚੇ ਨੂੰ ਵਾਰ ਵਾਰ ਚਿਤਾਵਨੀ ਦਿੰਦੇ ਰਹਿੰਦੇ ਹਨ, ਕਿ ਜੇਕਰ ਤੂੰ ਕਹਿਣਾ ਨਹੀਂ ਮੰਨੇਗਾ ਤਾਂ ਤੈਨੂੰ ਇਹ ਨਹੀਂ ਦਿਆਗੇ, ਪਰੰਤੂ ਕਹਿਣਾ ਨਾ ਮੰਨਣ ਦੇ ਬਾਵਜੂਦ, ਉਸ ਨੂੰ ਦੇ ਵੀ ਦਿੰਦੇ ਹਨ। ਅਜੇਹੀ ਸਥਿਤੀ ਵਿਚ ਬੱਚਾ ਸਮਝਦਾ ਹੈ, ਕਿ ਉਹ ਜੋ ਮਰਜੀ ਕਰਦਾ ਰਹੇ, ਉਸ ਦੀ ਗੱਲ ਤਾਂ ਪੂਰੀ ਹੋ ਹੀ ਜਾਣੀ ਹੈ। ਇਸ ਕਰਕੇ ਬੱਚਾ ਆਪਣੀ ਖੇਡ ਵਿਚ ਮਸਤ ਰਹਿੰਦੇ ਹਨ, ਜਿਨ੍ਹੀ ਦੇਰ ਤਕ ਉਸ ਨੂੰ ਰੋਕਿਆ ਨਹੀਂ ਜਾਂਦਾ ਹੈ। ਅਜੇਹਾ ਕਰਨਾ ਨਾਲ ਮਾਤਾ ਪਿਤਾ ਆਪ ਹੀ ਬੱਚੇ ਨੂੰ ਨਾ ਕਹਿਣਾ ਮੰਨਣ ਦੀ ਆਦਤ ਪਾ ਰਹੇ ਹਨ। ਗੁਰੂ ਸਾਹਿਬ ਵੀ ਸਾਨੂੰ ਗੁਰਬਾਣੀ ਵਿਚ ਚਿਤਾਵਨੀ ਤਾਂ ਦਿੰਦੇ ਰਹਿੰਦੇ ਹਨ, ਪਰੰਤੂ ਵਾਰ ਵਾਰ ਨਹੀਂ ਜਿਸ ਤਰ੍ਹਾਂ ਕਿ ਕੁਝ ਮਾਤਾ ਪਿਤਾ ਕਰਦੇ ਹਨ। ਚਿਤਾਵਨੀ ਦੇ ਨਾਲ ਨਾਲ ਜਾਣਕਾਰੀ ਦੇਣੀ, ਨਤੀਜੇ ਦੱਸਣੇ ਤੇ ਚੰਗੀ ਮੱਤ ਦੇਣੀ ਵੀ ਜਰੂਰੀ ਹੈ।

***ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥ (੪੧੭)***

**ਬੱਚੇ ਨੂੰ ਸਜਾ ਦੇਣ ਸਬੰਧੀ ਮਾਤਾ ਪਿਤਾ ਦੇ ਆਪਸ ਵਿਚ ਮਤਭੇਦ**: ਕਈ ਵਾਰੀ ਬੱਚੇ ਨੂੰ ਕਿਸੇ ਕਾਰਨ ਕਰਕੇ ਸਜਾ ਦੇਣ ਸਬੰਧੀ ਮਾਤਾ ਪਿਤਾ ਦੇ ਆਪਸ ਵਿਚ ਮਤਭੇਦ ਹੋ ਜਾਂਦੇ ਹਨ। ਜੇਕਰ ਦੋਹਾਂ ਤਰ੍ਹਾਂ ਦੇ ਤਰੀਕਿਆ ਦੀ ਸਜਾ ਦਾ ਨਤੀਜਾ ਇਕੋ ਜਿਹਾ ਹੈ ਤਾਂ ਫਿਰ ਕੋਈ ਹਰਜ਼ ਨਹੀਂ। ਪਰੰਤੂ ਜੇਕਰ ਮਾਤਾ ਪਿਤਾ ਆਪਸ ਵਿਚ ਇਕ ਦੂਜੇ ਦੀ ਗੱਲ ਧਿਆਨ ਨਾਲ ਨਹੀਂ ਸੁਣਦੇ ਹਨ, ਤਾਂ ਬੱਚੇ ਵੀ ਨਾ ਸੁਣਨ ਵਾਲੀ ਆਦਤ ਸਿਖ ਜਾਂਦੇ ਹਨ। ਆਪਣੇ ਜੀਵਨ ਸਾਥੀ ਨਾਲ ਨਾ ਤਾਂ ਉੱਚੀ ਬੋਲਣਾ ਚਾਹੀਦਾ ਹੈ ਤੇ ਨਾ ਹੀ ਲੜਨਾਂ ਚਾਹੀਦਾ ਹੈ, ਤੇ ਨਾ ਹੀ ਉਸ ਦੀ ਕਹੀ ਗੱਲ ਵੱਲ ਬੇਧਿਆਨੇ ਹੋਣਾ ਚਾਹੀਦਾ ਹੈ। ਆਪਸੀ ਮਤਭੇਦ ਵੱਖਰੇ ਹੋ ਕੇ ਹਲ ਕਰਨੇ ਚਾਹੀਦੇ ਹਨ।

***ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ*** *॥* (੧੪੧੦)

**ਬੱਚੇ ਨੂੰ ਲਾਲਚ ਦੇਣਾ**: ਕਈ ਵਾਰੀ ਮਾਤਾ ਪਿਤਾ ਬੱਚੇ ਨੂੰ ਕਹਿਣਾ ਮਨਾਉਂਣ ਲਈ ਮਿਠਾਈ, ਖਿਲੌਣੇ ਜਾਂ ਕਿਸੇ ਹੋਰ ਚੀਜ ਦਾ ਲਾਲਚ ਦਿੰਦੇ ਰਹਿੰਦੇ ਹਨ। ਇਕ ਦੋ ਵਾਰੀ ਅਜੇਹਾ ਕਰਨਾ ਤਾਂ ਠੀਕ ਹੈ, ਪਰੰਤੂ ਵਾਰ ਵਾਰ ਅਜੇਹਾ ਕਰਨ ਨਾਲ ਬੱਚੇ ਦੀਆਂ ਆਦਤਾਂ ਵਿਗੜ ਸਕਦੀਆਂ ਹਨ। ਬੱਚੇ ਦੇ ਮਨ ਅੰਦਰ ਲਾਲਚ ਪੈਦਾ ਕਰਨ ਦੀ ਥਾਂ, ਉਸ ਦੇ ਅੰਦਰ ਚੰਗੇ ਗੁਣ ਪੈਦਾ ਕਰਨੇ ਚਾਹੀਦੇ ਹਨ।

***ਮਃ ੨ ॥ ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ ॥ ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ ॥ ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥ ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥ ੨ ॥ (੧੪੭)***

***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ*** *॥ (੧)*

**ਮਾਤਾ ਪਿਤਾ ਦਾ ਆਪਣੇ ਅਸੂਲਾਂ ਤੇ ਪਰਪੱਕ ਨਾ ਰਹਿਣਾ:** ਕਈ ਵਾਰੀ ਮਾਤਾ ਪਿਤਾ ਬੱਚੇ ਨੂੰ ਤਾਂ ਕੁਝ ਕਰਨ ਲਈ ਕਹਿੰਦੇ ਹਨ, ਪਰੰਤੂ ਆਪ ਅਜੇਹੇ ਨਿਯਮਾਂ ਦਾ ਪਾਲਨ ਨਹੀਂ ਕਰਦੇ ਹਨ। ਬੱਚੇ ਜੋ ਕੁਝ ਵੇਖਦੇ ਹਨ, ਜਾਂ ਜੋ ਕੁਝ ਵੀ ਵੱਡੇ ਕਰਦੇ ਹਨ, ਉਸ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਜੇਕਰ ਮਾਤਾ ਪਿਤਾ ਆਪਸ ਵਿਚ ਇਕ ਦੂਜੇ ਦੀ ਗੱਲ ਧਿਆਨ ਨਾਲ ਨਹੀਂ ਸੁਣਦੇ ਹਨ ਤਾਂ ਬੱਚੇ ਵੀ ਨਾ ਸੁਣਨ ਵਾਲੀ ਆਦਤ ਸਿਖ ਜਾਂਦੇ ਹਨ। ਜੇਕਰ ਮਾਤਾ ਪਿਤਾ ਹੋਰਨਾਂ ਨਾਲ ਝੂਠ ਬੋਲਦੇ ਹਨ ਜਾਂ ਧੋਖਾ ਕਰਦੇ ਹਨ ਤਾਂ ਬੱਚੇ ਵੀ ਝੂਠ ਬੋਲਣਾ, ਧੋਖਾ ਕਰਨਾ ਜਾਂ ਹੋਰ ਬੁਰੀਆਂ ਆਦਤਾਂ ਸਿਖ ਜਾਂਦੇ ਹਨ। ਇਸ ਲਈ ਸੂਰਮਿਆਂ ਦੀ ਤਰ੍ਹਾਂ ਹਮੇਸ਼ਾਂ ਸਚ ਤੇ ਪਹਿਰਾ ਦੇਣਾ ਹੈ।

***ਸਲੋਕ ਕਬੀਰ ॥** ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ (੧੧੦੫)*

**ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਸਬਰ ਕਰਨਾ:** ਕਈ ਵਾਰੀ ਮਾਤਾ ਪਿਤਾ ਬੱਚੇ ਨੂੰ ਕੋਈ ਗਲਤੀ ਕਰਨ ਤੇ ਤੁਰੰਤ ਡਾਂਟਣਾਂ ਸ਼ੁਰੂ ਕਰ ਦਿੰਦੇ ਹਨ, ਜਾਂ ਕੋਈ ਹੋਰ ਕਾਰਵਾਈ ਕਰਨ ਲਗ ਪੈਂਦੇ ਹਨ। ਕਈ ਵਾਰੀ ਗੁਸੇ ਵਿਚ ਗਲਤ ਨਿਰਣਾ ਵੀ ਲਿਆ ਜਾ ਸਕਦਾ ਹੈ। ਬਿਹਤਰ ਇਹੀ ਹੁੰਦਾ ਹੈ ਕਿ ਕੁਝ ਦੇਰ ਤਕ ਸਬਰ ਕੀਤਾ ਜਾਵੇ ਤੇ ਸੋਚ ਸਮਝ ਕੇ ਕਾਰਵਾਈ ਕਰਨੀ ਚਾਹੀਦੀ ਹੈ। ਕਾਰਵਾਈ ਕਰਨ ਲਗੇ ਇਹ ਵੀ ਧਿਆਨ ਰੱਖਣਾਂ ਚਾਹੀਦਾ ਹੈ ਕਿ ਬੱਚੇ ਨੂੰ ਗਲਤੀ ਬਾਰੇ ਸਮਝ ਆ ਜਾਵੇ, ਤਾਂ ਜੋ ਉਹ ਭਵਿੱਖ ਵਿਚ ਅਜੇਹਾ ਨਾ ਕਰੇ।

*ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍ ॥ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥ (੧੩੮੪)*

**ਬੱਚੇ ਨੂੰ ਇੰਤਜਾਰ ਕਰਦੇ ਸਮੇਂ ਰੁਝੇ ਰੱਖਣਾਂ**: ਕਈ ਵਾਰੀ ਕਿਤੇ ਜਾਂਦੇ ਸਮੇਂ ਬੱਸ ਜਾਂ ਗੱਡੀ ਦਾ ਇੰਤਜਾਰ ਕਰਨਾ ਹੁੰਦਾ ਹੈ, ਜਾਂ ਟਰੈਫਿਕ ਵਿਚ ਫਸ ਜਾਂਦੇ ਹਾਂ। ਇਸ ਬਾਰੇ ਬੱਚੇ ਨੂੰ ਕੋਈ ਸਮਝ ਨਹੀਂ ਹੁੰਦੀ ਹੈ ਤੇ ਅਕਸਰ ਬੱਚਾ ਬੇਸਬਰਾ ਹੋ ਜਾਂਦਾ ਹੈ। ਅਜੇਹੀ ਸਥਿਤੀ ਵਿਚ ਮਾਤਾ ਪਿਤਾ ਲਈ ਜਰੂਰੀ ਹੋ ਜਾਂਦਾ ਹੈ ਕਿ ਉਹ ਬੱਚੇ ਨੂੰ ਕਿਸੇ ਨਾ ਕਿਸੇ ਗੱਲਬਾਤ ਜਾਂ ਖੇਡ ਵਿਚ ਰੁਝੇ ਰੱਖਣ ਤਾਂ ਜੋ ਬੱਚਾ ਬੇਸਬਰਾ ਨਾ ਹੋਵੇ।

**ਬੱਚਿਆਂ ਨੂੰ ਜਿਆਦਾ ਸਮੇਂ ਤਕ ਯਾਦ ਨਹੀਂ ਰਹਿੰਦਾ ਹੈ ਕਿ ਉਨ੍ਹਾਂ ਕੀ ਕੀਤਾ ਹੈ:** ਬੱਚਾ ਜਿਆਦਾ ਲੰਮੀਆਂ ਗੱਲਾਂ ਨਹੀਂ ਸਮਝ ਸਕਦਾ ਹੈ, ਬੱਚੇ ਨੂੰ ਇਹ ਵੀ ਨਹੀਂ ਪਤਾ ਹੁੰਦਾ ਹੈ ਕਿ ਕੁਝ ਘੰਟੇ ਪਹਿਲਾ ਉਸ ਨੇ ਕਿਹੜੀ ਗਲਤੀ ਕੀਤੀ ਸੀ। ਇਸ ਲਈ ਜੇ ਕਰ ਅਸੀਂ ਬੱਚੇ ਨੂੰ ਉਸ ਦੀ ਗਲਤੀ ਬਾਰੇ ਸਮਝਾਣਾ ਚਾਹੁੰਦੇ ਹਾਂ ਤਾਂ ਗਲਤੀ ਕਰਨ ਦੇ ਕੁਝ ਸਮੇਂ ਦੇ ਅੰਦਰ ਹੀ ਸਮਝਾਣਾ ਚਾਹੀਦਾ ਹੈ। ਬੱਚਾ ਜਿਆਦਾ ਲੰਮੀਆਂ ਗੱਲਾਂ ਨਹੀਂ ਸਮਝ ਸਕਦਾ ਹੈ, ਇਸ ਲਈ ਕੁਝ ਕੁ ਸ਼ਬਦਾਂ ਵਿਚ ਆਪਣੀ ਗੱਲ ਪੂਰੀ ਕਰਨੀ ਚਾਹੀਦੀ ਹੈ, ਤੇ ਬੱਚੇ ਨੂੰ ਆਪ ਬੋਲਣ ਦਾ ਮੌਕਾ ਵੀ ਦੇਣਾ ਚਾਹੀਦਾ ਹੈ।

**ਮਾਤਾ ਪਿਤਾ ਨੂੰ ਆਪਣੀ ਪ੍ਰਸੰਸਾ ਆਪ ਨਹੀਂ ਕਰਦੇ ਰਹਿਣਾ ਚਾਹੀਦਾ ਹੈ:** ਕਈ ਵਾਰੀ ਮਾਤਾ ਪਿਤਾ ਬੱਚਿਆ ਸਾਹਮਣੇ ਇਸ ਤਰ੍ਹਾਂ ਆਪਣੇ ਆਪ ਦੀ ਪ੍ਰਸੰਸਾ ਕਰਦੇ ਰਹਿੰਦੇ ਹਨ, ਕਿ ਉਨ੍ਹਾਂ ਨੇ ਬਚਪਨ ਵਿਚ ਕੋਈ ਗਲਤੀ ਨਹੀਂ ਕੀਤੀ ਸੀ। ਪਰੰਤੂ ਅਸਲੀਅਤ ਇਸ ਦੇ ਉਲਟ ਹੁੰਦੀ ਹੈ। ਬੱਚਿਆ ਸਾਹਮਣੇ ਅਜੇਹੀ ਝੂਠੀ ਪ੍ਰਸੰਸਾ ਕਰਨ ਦਾ ਕੋਈ ਲਾਭ ਨਹੀਂ ਹੁੰਦਾ ਹੈ।

*ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥ (੨੭੮)*

**ਮਾਤਾ ਪਿਤਾ ਦਾ ਬੱਚਿਆਂ ਨੂੰ ਸਮਝਾਣ ਦਾ ਤਰੀਕਾ ਸਰਲ ਤੇ ਇਕਸਾਰ ਹੋਣਾ ਚਾਹੀਦਾ ਹੈ:** ਛੋਟੇ ਬੱਚਿਆਂ ਦੀ ਬੁਧੀ ਦਾ ਵਿਕਾਸ ਪੂਰਾ ਨਹੀਂ ਹੋਇਆ ਹੁੰਦਾ ਹੈ। ਉਨ੍ਹਾਂ ਨੂੰ ਬਹੁਤ ਸਾਰੀਆਂ ਹਦਾਇਤਾ ਇਕੋ ਵਾਰੀ ਦੇਣ ਨਾਲ ਸਮਝ ਨਹੀਂ ਆਂਉਂਦੀਆਂ ਹਨ। ਸਿਖਿਆਵਾਂ ਛੋਟੀਆਂ ਤੇ ਸਮੇਂ ਦੇ ਵਕਫੇ ਨਾਲ ਦੇਣੀਆਂ ਚਾਹੀਦੀਆਂ ਹਨ। ਸਾਰੇ ਮਾਤਾ ਪਿਤਾ ਆਪਣਿਆਂ ਬੱਚਿਆਂ ਨੂੰ ਸੁਧਾਰਨਾਂ ਚਾਹੁੰਦੇ ਹਨ, ਪਰੰਤੂ ਇਹ ਸਭ ਕੁਝ ਬੱਚਿਆਂ ਦੀ ਉਮਰ ਤੇ ਸਤੱਰ ਵੇਖ ਕੇ ਕਰਨਾ ਚਾਹੀਦੀ ਹੈ। ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ, ਕਿ ਬੱਚਾ ਕਿਨਾਂ ਕੁ ਧਿਆਨ ਨਾਲ ਸੁਣ ਰਿਹਾ ਹੈ। ਗੁਰੂ ਦੀ ਮੱਤ ਸੁਣਨ ਨਾਲ ਤੇ ਜੀਵਨ ਵਿਚ ਅਪਨਾਣ ਨਾਲ ਮਨੁੱਖਾ ਜੀਵਨ ਸਫਲ ਹੋ ਸਕਦਾ ਹੈ। ਇਸ ਲਈ ਹਮੇਸ਼ਾਂ ਧਿਆਨ ਵਿਚ ਰੱਖਣਾ ਹੈ, ਕਿ ਮਾਤਾ ਪਿਤਾ ਦੁਆਰਾ ਗੁਰੂ ਦੀ ਲਈ ਹੋਈ ਮੱਤ, ਬੱਚਿਆਂ ਤਕ ਪਹੁੰਚ ਰਹੀ ਹੈ ਕਿ ਨਹੀਂ। ਜੇਕਰ ਅਜੇਹਾ ਨਹੀਂ ਹੋ ਰਿਹਾ ਹੈ ਤਾਂ ਉਸ ਦੇ ਕਾਰਣ ਤੇ ਹਲ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

*ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ (੨)*

**ਸਜਾ ਦੇਣ ਲਈ ਬੱਚੇ ਨੂੰ ਘਰ ਦੇ ਕਿਸੇ ਕੋਨੇ ਵਿਚ ਬੰਦ ਕਰਨਾ ਜਾਂ ਕਲਾਸ ਵਿਚੋਂ ਬਾਹਰ ਕੱਢਣਾ**: ਅਕਸਰ ਵੇਖਣ ਵਿਚ ਆਂਉਂਦਾ ਹੈ ਕਿ ਕਈ ਵਾਰੀ ਮਾਤਾ ਪਿਤਾ ਬੱਚੇ ਨੂੰ ਸਮਝਾਣ ਲਈ ਜਾਂ ਸਜਾ ਦੇਣ ਲਈ ਘਰ ਦੇ ਕਿਸੇ ਕੋਨੇ ਵਿਚ ਬੰਦ ਕਰ ਦਿੰਦੇ ਹਨ। ਜਾਂ ਸਕੂਲ ਵਿਚ ਅਧਿਆਪਕ ਬੱਚੇ ਨੂੰ ਕਲਾਸ ਵਿਚੋਂ ਕੁਝ ਸਮੇਂ ਲਈ ਬਾਹਰ ਕੱਢ ਦਿੰਦੇ ਹਨ। ਮਾਤਾ ਪਿਤਾ ਜਾਂ ਅਧਿਆਪਕ ਇਹ ਸਮਝਦੇ ਹਨ ਕਿ ਬੱਚੇ ਨੂੰ ਸੋਚਣ ਦਾ ਸਮਾਂ ਮਿਲੇਗਾ ਤੇ ਅੱਗੇ ਤੋਂ ਉਹ ਗਲਤੀ ਨਹੀਂ ਕਰੇਗਾ। ਪਰੰਤੂ ਅਜੇਹਾ ਕੁਝ ਵੀ ਨਹੀਂ ਹੁੰਦਾ ਹੈ, ਕਿਉਂਕਿ ਬੱਚੇ ਦੀ ਬੁਧੀ ਦਾ ਇਤਨਾਂ ਵਿਕਾਸ ਹੀ ਨਹੀਂ ਹੋਇਆ ਹੁੰਦਾ ਹੈ, ਕਿ ਉਹ ਸਮਝ ਸਕੇ। ਅਜੇਹਾ ਕਰਨ ਨਾਲ ਮਾਤਾ ਪਿਤਾ ਤੇ ਬੱਚੇ ਵਿਚ ਜਾਂ ਅਧਿਆਪਕ ਤੇ ਬੱਚੇ ਵਿਚ ਆਪਸੀ ਮੁਕਾਬਲਾ ਚਲਦਾ ਰਹਿੰਦਾ ਹੈ ਤੇ ਬੱਚੇ ਅੰਦਰ ਹੋਰ ਗੁਸਾ ਵਧਦਾ ਰਹਿੰਦਾ ਹੈ। ਕਈ ਵਾਰੀ ਅਜੇਹੀ ਸਥਿਤੀ ਵੀ ਆ ਜਾਂਦੀ ਹੈ ਕਿ ਬੱਚਾ

ਅੱਗੋ ਬੋਲਣਾ ਸ਼ੁਰੂ ਕਰ ਦਿੰਦਾ ਹੈ, ਕਹਿਣਾ ਨਹੀਂ ਮੰਨਦਾ ਹੈ, ਜਾਂ ਕੋਈ ਹੋਰ ਸ਼ਰਾਰਤ ਕਰਨੀ ਸ਼ੁਰੂ ਕਰ ਦਿੰਦਾ ਹੈ। ਬੱਚੇ ਨੂੰ ਕੋਨੇ ਵਿਚ ਬੰਦ ਕਰਨਾ ਜਾਂ ਬਾਹਰ ਕੱਢਣਾ ਆਪਸੀ ਘਿਰਣਾਂ ਜਾਂ ਹਉਮੈ ਦਾ ਮੁਕਾਬਲਾ ਬਣ ਜਾਂਦਾ ਹੈ। ਅਜੇਹਾ ਕਰਨ ਨਾਲ ਬੱਚਾ ਭਵਿੱਖ ਵਿਚ ਚੰਗਾ ਕੰਮ ਕਰਨ ਲਈ ਕੁਝ ਵੀ ਨਹੀਂ ਸਿਖਦਾ ਹੈ।

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥ (੧੩੮੧, ੧੩੮੨)*

ਬੱਚਿਆਂ ਨੂੰ ਨਿਮਰਤਾ ਨਾਲ ਸਧਾਰਨ ਤੇ ਪਰੈਕਟੀਕਲ ਤਰੀਕੇ ਨਾਲ ਸਮਝਾਣਾ ਚਾਹੀਦਾ ਹੈ। ਨਾ ਤਾਂ ਜਿਆਦਾ ਰੋਅਬ ਪਾਣਾ ਚਾਹੀਦਾ ਹੈ ਤੇ ਨਾ ਹੀ ਜਿਆਦਾ ਹੁਕਮ ਚਲਾਣਾ ਚਾਹੀਦਾ ਹੈ। ਧਮਕੀਆਂ ਤੇ ਸਜਾਵਾਂ ਜਿਆਦਾ ਸਮੇਂ ਲਈ ਸਹਾਈ ਨਹੀਂ ਹੁੰਦੀਆਂ ਹਨ। ਜਿਆਦਾ ਸਜਾਵਾਂ ਨਾਲ ਬੱਚਾਂ ਹੋਰ ਵੀ ਢੀਠ ਹੋ ਜਾਂਦਾ ਹੈ। ਇਸ ਲਈ ਧਮਕੀਆਂ ਤੇ ਸਜਾਵਾਂ ਦੀ ਵਰਤੋਂ ਸਿਰਫ ਆਪਾਤਕਾਲੀਨ ਸਥਿਤੀ ਵਿਚ ਹੀ ਹੋਣੀ ਚਾਹੀਦੀ ਹੈ। ਬੱਚੇ ਦੇ ਨੁਕਸ ਵੇਖ ਕੇ ਉਸ ਉਪਰ ਆਪਣੀ ਮਰਜੀ ਥੋਪੀ ਜਾਣਾ ਠੀਕ ਨਹੀਂ, ਬੱਚੇ ਦੀ ਰੁਚੀ ਵੇਖ ਕੇ ਉਸ ਅਨੁਸਾਰ ਆਪਣੇ ਆਪ ਨੂੰ ਬਦਲਣਾ ਚਾਹੀਦਾ ਹੈ, ਤੇ ਯੋਗ ਕਾਰਵਾਈ ਕਰਨੀ ਚਾਹੀਦੀ ਹੈ।

*ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥ ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥ (੫੯੮)*

**ਬੱਚੇ ਨੂੰ ਸਜਾ ਦੇਣ ਲਈ ਘਰ ਦੇ ਕਿਸੇ ਕੋਨੇ ਵਿਚ ਬੰਦ ਕਰਨ ਦੀ ਥਾਂ ਜਾਂ ਬੱਚੇ ਨੂੰ ਕਲਾਸ ਵਿਚੋਂ ਕੁਝ ਸਮੇਂ ਲਈ ਬਾਹਰ ਕੱਢਣ ਦੀ ਬਜਾਏ ਹੋਰ ਬਹੁਤ ਸਾਰੇ ਕਾਰਗਰ ਤਰੀਕੇ ਹਨ, ਜਿਨ੍ਹਾਂ ਦੁਆਰਾ ਬੱਚਿਆਂ ਦਾ ਵਤੀਰਾ ਠੀਕ ਕੀਤਾ ਜਾ ਸਕਦਾ ਹੈ, ਉਨ੍ਹਾਂ ਨੂੰ ਕਹਿਣਾ ਮੰਨਣਾਂ ਤੇ ਅਨੁਸ਼ਾਸਨ ਸਿਖਾਇਆ ਜਾ ਸਕਦਾ ਹੈ।**

**ਇਹ ਪੰਜ ਤਰੀਕੇ ਜਿਨ੍ਹਾਂ ਨਾਲ ਬੱਚਿਆਂ ਨੂੰ ਕਹਿਣਾ ਮੰਨਣ ਤੇ ਅਨੁਸ਼ਾਸਨ ਸਿਖਾਇਆ ਜਾ ਸਕਦਾ ਹੈ। ਉਹ ਹਨ (੧) ਬੱਚਿਆਂ ਦੀ ਇਜਤ ਕਰਨੀ, (੨) ਬੱਚਿਆਂ ਨੂੰ ਗਲਤੀ ਨਾਲ ਸਬੰਧਤ ਸਿਖਿਆ ਜਾਂ ਸਜਾ ਦੇਣੀ, (੩) ਸਿਖਿਆ ਬੱਚੇ ਦੀ ਉਮਰ ਅਨੁਸਾਰ ਦੇਣੀ, (੪) ਬੱਚੇ ਨੂੰ ਖਤਰੇ ਜਾਂ ਸ਼ਰਾਰਤਾਂ ਕਰਨ ਦੇ ਨਤੀਜਿਆ ਸਬੰਧੀ ਪਹਿਲਾਂ ਹੀ ਜਾਣੂ ਕਰਵਾਣਾ, (੫) ਜੋ ਸਮਝਾਇਆ ਜਾ ਰਿਹਾ ਹੈ ਉਸ ਨੂੰ ਦੁਬਾਰਾ ਦੁਹਰਾ ਕੇ ਵੇਖਣਾ ਕਿ ਬੱਚੇ ਨੂੰ ਸਮਝ ਆਇਆ ਹੈ ਕਿ ਨਹੀਂ**

**ਬੱਚਿਆਂ ਦੀ ਇਜਤ ਕਰਨੀ:** ਬੱਚੇ ਨੂੰ ਅਨੁਸ਼ਾਸਨ ਸਿਖਾਣ ਜਾਂ ਸਮਝਾਣ ਦਾ ਮੰਤਵ ਇਹ ਨਹੀਂ ਹੈ ਕਿ ਬੱਚੇ ਨੂੰ ਸਜਾ ਦੇਣੀ ਹੈ, ਬਲਕਿ ਮੰਤਵ ਇਹ ਹੈ ਕਿ ਬੱਚਾ ਭਵਿੱਖ ਵਿਚ ਇਕ ਚੰਗਾ ਇਨਸਾਨ ਬਣ ਸਕੇ। ਜਦੋਂ ਮਾਤਾ ਪਿਤਾ ਬੱਚੇ ਨੂੰ ਸਜਾ ਦਿੰਦੇ ਹਨ, ਕਸ਼ਟ ਦਿੰਦੇ ਹਨ, ਉਸ ਦਾ ਨਿਰਾਦਰ ਕਰਦੇ ਹਨ, ਉਸ ਨੂੰ ਸ਼ਰਮਿੰਦਾ ਕਰਦੇ ਹਨ ਤਾਂ ਕੁਝ ਚੰਗਾ ਸਿਖਣ ਦੀ ਬਜਾਏ ਬੱਚਾ ਆਪਣੀ ਸਵੈ ਰੱਖਿਆ ਕਰਨ ਲਈ ਮਜਬੂਰ ਹੋ ਜਾਂਦਾ ਹੈ। ਇਸ ਲਈ ਅਸਰਦਾਰ ਤਰੀਕਾ ਇਹੀ ਹੈ ਕਿ ਬੱਚੇ ਨੂੰ ਇਜਤ ਦਿਤੀ ਜਾਵੇ ਤੇ ਪਿਆਰ ਨਾਲ ਦੋਸਤਾਨਾ ਤਰੀਕੇ ਨਾਲ ਸਮਝਾਇਆ ਜਾਵੇ।

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ (੭੬੫, ੭੬੬)*

**ਬੱਚਿਆਂ ਨੂੰ ਗਲਤੀ ਨਾਲ ਸਬੰਧਤ ਸਿਖਿਆ ਜਾਂ ਸਜਾ ਦੇਣੀ:** ਮਾਤਾ ਪਿਤਾ ਬੱਚੇ ਨੂੰ ਜੋ ਵੀ ਸਿਖਿਆ ਜਾਂ ਸਜਾ ਦਿੰਦੇ ਹਨ, ਉਸ ਨੂੰ ਸਮਝ ਆਉਂਣੀ ਚਾਹੀਦੀ ਹੈ, ਤਾਂ ਜੋ ਬੱਚਾ ਭਵਿੱਖ ਲਈ ਕੁਝ ਸਬਕ ਸਿਖ ਸਕੇ। ਇਸ ਲਈ ਸਿਖਿਆ ਜਾਂ ਸਜਾ ਉਸ ਦੀ ਗਲਤੀ ਜਾਂ ਸ਼ਰਾਰਤ ਨਾਲ ਸਬੰਧਤ ਹੋਣੀ ਚਾਹੀਦੀ ਹੈ। ਜੇਕਰ ਬੱਚਾ ਆਪਣਾ ਕੋਈ ਖਿਲੌਨਾ ਸੁਟਦਾ ਹੈ ਤਾਂ ਉਸ ਨੂੰ ਖੇਡਣ ਵਾਸਤੇ ਨਾ ਦਿਤਾ ਜਾਵੇ, ਉਹ ਆਪਣੇ ਆਪ ਸਮਝ ਜਾਵੇਗਾ ਕਿ ਜੇਕਰ ਖਿਲੌਨਾ ਸੁਟਿਆ ਤਾਂ ਅਗਲੀ ਵਾਰੀ ਨਹੀਂ ਮਿਲੇਗਾ। ਪਰੰਤੂ ਜੇਕਰ ਕੋਈ ਹੋਰ ਸਜਾ ਦਿਤੀ ਜਾਂਦੀ ਹੈ ਤਾਂ ਬੱਚਾ ਉਸ ਨੂੰ ਨਹੀਂ ਸਮਝੇਗਾ। ਫੈਸਲਾ ਕੀਤੇ ਹੋਏ ਕਰਮਾਂ ਅਨੁਸਾਰ ਹੋਣਾ ਹੈ। ਇਹ ਸਰੀਰ ਮਨੁੱਖ ਦੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਸਰੀਰ ਰੂਪੀ ਖੇਤ ਵਿਚ ਬੀਜਦਾ ਹੈ ਉਹੀ ਫ਼ਸਲ ਵੱਢਦਾ ਹੈ। ਜਿਸ ਤਰ੍ਹਾਂ ਦੇ ਕਰਮ ਕਰਦਾ ਹੈ, ਉਸ ਤਰ੍ਹਾਂ ਦਾ ਫਲ ਪ੍ਰਾਪਤ ਕਰ ਲੈਂਦਾ ਹੈ।

*"ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (੧੩੪)"*

**ਬੱਚੇ ਦੀ ਉਮਰ ਅਨੁਸਾਰ ਸਿਖਿਆ ਦੇਣੀ:** ਬੱਚਾ ਜਿਸ ਤਰ੍ਹਾਂ ਉਮਰ ਵਿਚ ਵੱਡਾ ਹੁੰਦਾ ਹੈ, ਉਸ ਦੀ ਸਮਝ ਸ਼ਕਤੀ ਵਧਦੀ ਜਾਂਦੀ ਹੈ। ਇਸ ਲਈ ਸਿਖਿਆ ਜਾਂ ਸਜਾ ਉਸ ਦੀ ਉਮਰ ਅਨੁਸਾਰ, ਉਚਿਤ ਸਮੇਂ ਵਾਸਤੇ ਹੀ ਹੋਣੀ ਚਾਹੀਦੀ ਹੈ। ਬੱਚਾ ਜਿਆਦਾ ਲੰਮੀਆਂ ਗੱਲਾਂ ਨਹੀਂ ਸਮਝ ਸਕਦਾ ਹੈ, ਇਸ ਲਈ ਕੁਝ ਕੁ ਸ਼ਬਦਾਂ ਵਿਚ ਆਪਣੀ ਗੱਲ ਪੂਰੀ ਕਰਨੀ ਚਾਹੀਦੀ ਹੈ, ਤੇ ਬੱਚੇ ਨੂੰ ਆਪ ਬੋਲਣ ਦਾ ਮੌਕਾ ਵੀ ਦੇਣਾ ਚਾਹੀਦਾ ਹੈ। ਬੱਚੇ ਦੀ ਉਮਰ ਨੂੰ ਧਿਆਨ ਵਿਚ ਰੱਖਦੇ ਹੋਏ, ਸਥਿਤੀ ਅਨੁਸਾਰ ਬੱਚੇ ਨੂੰ ਸਰਲ ਤਰੀਕੇ ਨਾਲ ਸਮਝਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

*ਸਲੋਕ ਮਃ ੧ ॥ ਕੁਦਰਤਿ ਕਰਿ ਕੈ ਵਸਿਆ ਸੋਇ ॥ ਵਖਤੁ ਵੀਚਾਰੇ ਸੁ ਬੰਦਾ ਹੋਇ ॥ (੮੩, ੮੪)*

**ਬੱਚੇ ਨੂੰ ਖਤਰੇ ਜਾਂ ਸ਼ਰਾਰਤਾਂ ਕਰਨ ਦੇ ਨਤੀਜਿਆ ਸਬੰਧੀ ਪਹਿਲਾਂ ਹੀ ਜਾਣੂ ਕਰਵਾਣਾ:** ਜੇਕਰ ਕਿਸੇ ਚੀਜ ਨੂੰ ਹੱਥ ਲਾਣ ਨਾਲ ਜਾਂ ਵਰਤਣ ਕਰਕੇ ਕੋਈ ਘਟਨਾ ਹੋ ਸਕਦੀ ਹੈ ਤਾਂ ਬੱਚੇ ਨੂੰ ਉਸ ਸਬੰਧੀ ਪਹਿਲਾਂ ਹੀ ਸੁਚੇਤ ਕਰ ਦੇਣਾਂ ਚਾਹੀਦਾ ਹੈ, ਤਾਂ ਜੋ ਅਜੇਹਾ ਕੁਝ ਕਰਨ ਤੋਂ ਪਹਿਲਾਂ ਬੱਚਾ ਆਪਣੇ ਧਿਆਨ ਵਿਚ ਰੱਖੇ। ਇਹ ਵੀ ਹੋ ਸਕਦਾ ਹੈ ਕਿ ਬੱਚੇ ਨੂੰ ਕਿਸੇ ਖਤਰੇ ਬਾਰੇ ਸੁਚੇਤ ਕੀਤਾ ਗਿਆ, ਪਰੰਤੂ ਫਿਰ ਵੀ ਉਹ ਸੱਟ ਲਗਾ ਲੈਂਦਾ ਹੈ। ਅਜੇਹੀ ਸਥਿਤੀ ਵਿਚ ਸਭ ਤੋਂ ਪਹਿਲਾਂ ਇਲਾਜ ਕਰਨਾ ਹੈ। ਉਸ ਸਮੇਂ ਉਸ ਨੂੰ ਹਮਦਰਦੀ ਦੀ ਲੋੜ ਹੁੰਦੀ ਹੈ। ਸਮਝਾਣ ਦਾ ਕੰਮ ਯੋਗ ਵਕਤ ਆਣ ਤੇ ਕੀਤਾ ਜਾ ਸਕਦਾ ਹੈ। ਬੱਚੇ ਨੂੰ ਇਹ ਵੀ ਸਮਝਾ ਦੇਣਾ ਚਾਹੀਦਾ ਹੈ, ਕਿ ਜੇਕਰ ਸ਼ਰਾਰਤ ਕੀਤੀ ਤਾਂ ਸਜਾ ਵੀ ਮਿਲ ਸਕਦੀ ਹੈ। ਕਿਉਂਕਿ ਬੱਚੇ ਨੂੰ ਪਹਿਲਾਂ ਸੁਚੇਤ ਕਰ ਦਿਤਾ ਗਿਆ ਹੈ, ਇਸ ਲਈ ਜੇਕਰ ਸਜਾ ਮਿਲਦੀ ਹੈ ਤਾਂ ਬੱਚੇ ਅੰਦਰ ਮਾਤਾ ਪਿਤਾ ਬਾਰੇ ਘਿਰਣਾ ਪੈਦਾ ਨਹੀਂ ਹੋਵੇਗੀ। ਅਜੇਹਾ ਕਰਨ ਸਮੇਂ ਬੱਚਾ ਭਵਿੱਖ ਵਿਚ ਧਿਆਨ ਰੱਖੇਗਾ। ਖਤਰੇ ਦੀ ਸਥਿਤੀ ਸਮੇਂ ਉੱਚੀ ਆਵਾਜ਼ ਵਿਚ ਕਹਿਣ ਲਈ ਕੋਈ ਹਰਜ਼ ਨਹੀਂ, ਪਰੰਤੂ ਰੋਜ਼ ਦੀ ਆਦਤ ਠੀਕ ਨਹੀਂ। ਇਸ ਨੂੰ ਬੱਚਾ ਚਿਤਾਵਨੀ ਦੀ ਤਰ੍ਹਾਂ ਸਮਝੇਗਾ ਤੇ ਅੱਗੇ ਤੋਂ ਧਿਆਨ ਰੱਖੇਗਾ ਕਿ ਦੁਬਾਰਾ ਨਾ ਹੋਵੇ। ਅਜੇਹੀ ਸਥਿਤੀ ਵਿਚ ਬੱਚੇ ਕੋਲ ਜਾ ਕੇ ਉਸ ਨੂੰ ਠੀਕ ਤਰ੍ਹਾਂ ਪਿਆਰ ਨਾਲ ਸਮਝਾਣਾ ਹੈ ਤਾਂ ਜੋ ਅੱਗੇ ਤੋਂ ਸੁਚੇਤ ਰਹੇ।

***ਗੰਢੁ ਪਰੀਤੀ ਮਿਠੇ ਬੋਲ*** *॥ (੧੪੩)*

**ਜੋ ਸਮਝਾਇਆ ਜਾ ਰਿਹਾ ਹੈ ਉਸ ਨੂੰ ਦੁਬਾਰਾ ਦੁਹਰਾ ਕੇ ਵੇਖਣਾ ਕਿ ਬੱਚੇ ਨੂੰ ਸਮਝ ਆਇਆ ਹੈ ਕਿ ਨਹੀਂ:** ਬੱਚੇ ਦੀ ਸਮਝ ਸ਼ਕਤੀ ਘੱਟ ਹੁੰਦੀ ਹੈ, ਇਸ ਲਈ ਇਹ ਜਾਨਣਾ ਬਹੁਤ ਜਰੂਰੀ ਹੈ, ਕਿ ਬੱਚੇ ਨੂੰ ਸਮਝ ਆਇਆ ਹੈ ਕਿ ਨਹੀਂ। ਬੱਚੇ ਨੂੰ ਜੋ ਵੀ ਸਮਝਾਇਆ ਜਾ ਰਿਹਾ ਹੈ, ਉਸ ਨੂੰ ਦੁਬਾਰਾ ਦੁਹਰਾਣ ਲਈ ਕਹੋ। ਜੇਕਰ ਬੱਚਾ ਦੁਹਰਾ ਨਹੀਂ ਸਕਦਾ ਹੈ, ਤਾਂ ਜਾਂ ਤਾਂ ਇਹ ਗੱਲ ਬਹੁਤ ਲੰਮੀ ਹੈ, ਤੇ ਜਾਂ ਉਸ ਦੀ ਸਮਝ ਤੋਂ ਬਾਹਰ ਹੈ। ਗੱਲ ਬਹੁਤ ਛੋਟੀ ਜਾਂ ਕਿਸੇ ਹੋਰ ਤਰੀਕੇ ਨਾਲ ਦੱਸਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਦੁਬਾਰਾ ਦੁਹਰਾਣ ਨਾਲ ਬੱਚੇ ਦੇ ਮਨ ਵਿਚ ਪੱਕਾ ਹੋ ਜਾਂਦਾ ਹੈ। ਇਸ ਤਰ੍ਹਾਂ ਕਰਨ ਸਦਕਾ ਬੱਚੇ ਨਾਲ ਇਹ ਵਾਇਦਾ ਵੀ ਹੋ ਜਾਂਦਾ ਹੈ ਕਿ ਉਸ ਨੇ ਕਹਿਣਾ ਮੰਨਣਾ ਹੈ।

***ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ*** *॥ (੨੮੬)*

ਜਦੋਂ ਇਹ ਉਪਰ ਦੱਸੇ ਪੰਜ ਤਰੀਕੇ ਅਪਨਾ ਲਏ ਜਾਂਦੇ ਹਨ ਤਾਂ ਬੱਚੇ ਨੂੰ ਆਪਣੇ ਆਪ ਸਮਝ ਆ ਜਾਂਦੀ ਹੈ ਕਿ ਕਿਹੜੇ ਨਿਯਮ ਹਨ, ਜੋ ਕਿ ਉਸ ਨੇ ਅਪਨਾਉਂਣੇ ਹਨ, ਕਿਸ ਤਰ੍ਹਾਂ ਅਪਨਾਉਂਣੇ ਹਨ, ਤੇ ਜੇਕਰ ਨਹੀਂ ਅਪਨਾਏਗਾ ਤਾਂ ਕੀ ਨਤੀਜੇ ਹੋ ਸਕਦੇ ਹਨ। ਹੁਣ ਸਿਫਰ ਬੱਚੇ ਤੇ ਨਿਰਭਰ ਕਰਦਾ ਹੈ ਕਿ ਉਸ ਨੇ ਅਨੁਸ਼ਾਸਨ ਅਪਨਾਉਂਣਾ ਹੈ ਕਿ ਨਤੀਜੇ ਭੁਗਤਣੇ ਹਨ। ਕੁਦਰਤੀ ਤੌਰ ਤੇ ਕੋਈ ਵੀ ਸਜਾ ਭੁਗਤਣੀ ਨਹੀਂ ਚਾਹੁੰਦਾ ਹੈ। ਇਸ ਲਈ ਜਿਆਦਾਤਰ ਬੱਚਾ ਅਨੁਸ਼ਾਸਨ ਅਨੁਸਾਰ ਚਲਣਾ ਹੀ ਅਪਨਾਏਗਾ। ਜੇਕਰ ਬੱਚਾ ਨਿਯਮ ਅਨੁਸਾਰ ਚਲਣਾ ਨਹੀਂ ਅਪਨਾਉਂਦਾ ਹੈ, ਤਾਂ ਇਹ ਉਸ ਲਈ ਜੀਵਨ ਵਿਚ ਸਿਖਣ ਦਾ ਇਕ ਤਜੱਰਬਾ ਹੋਵਗਾ। ਉਦਾਹਰਣ ਦੇ ਤੌਰ ਤੇ ਕਹਿ ਸਕਦੇ ਹਾਂ ਕਿ ਕਹਿਣਾ ਨਾ ਮੰਨਣ ਕਰਕੇ ਬੱਚੇ ਨੇ ਅੱਜ ਖਿਲੌਣਾ ਲੈਂਣ ਦਾ ਜਾਂ ਟੀ.ਵੀ. ਵੇਖਣ ਦਾ ਮੌਕਾ ਗਵਾ ਲਿਆ ਹੈ ਤੇ ਹੁਣ ਅਗਲੇ ਦਿਨ ਦੁਬਾਰਾ ਮੌਕਾ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰ ਸਕਦਾ ਹੈ। ਜੀਵਨ ਵਿਚ ਉਤਰਾਅ ਚੜ੍ਹਾ ਵੀ ਮਨੁੱਖ ਦੇ ਸਿਖਣ ਲਈ ਇਕ ਤਰਜਰਬਾ ਹੀ ਹਨ, ਜਿਨ੍ਹਾਂ ਨਾਲ ਉਹ ਭਵਿੱਖ ਵਿਚ ਚੰਗੇ ਫੈਸਲੇ ਕਰਨ ਦੀ ਜਾਚ ਸਿਖਦਾ ਹੈ।

*ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥ ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ (੭੨)*

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

### ਬੱਚੇ ਮਾਤਾ ਪਿਤਾ ਦਾ ਕਹਿਣਾ ਕਿਉਂ ਨਹੀਂ ਮੰਨਦੇ ਹਨ? (ਭਾਗ ੬)

### Why children do not listen to the parents? (Part 6)

# ਬੱਚੇ ਸਕੂਲ ਵਿਚ ਕਿਸ ਤਰ੍ਹਾਂ ਸਫਲਤਾ ਨਾਲ ਸਿਖਿਆ ਲੈ ਸਕਦੇ ਹਨ?

# How to ensure that child has productive time in the School education

ਮਾਤਾ ਪਿਤਾ ਬੱਚੇ ਦੀ ਸਕੂਲ ਦੀ ਸਿਖਿਆ ਇਕ ਕੋਰੀ ਕਾਪੀ ਕਿਤਾਬ ਦੀ ਤਰ੍ਹਾਂ ਆਰੰਭ ਕਰਦੇ ਹਨ, ਜਿਸ ਦੇ ਸਾਰੇ ਪੰਨੇ ਤਾਜ਼ੇ ਤੇ ਸਾਫ ਹੁੰਦੇ ਹਨ। ਸਕੂਲ ਦੇ ਪਹਿਲੇ ਦਿਨ ਬੱਚਾ ਬੜੇ ਚਾਅ ਨਾਲ ਸਵੇਰੇ ਜਲਦੀ ਉੱਠ ਕੇ ਤਿਆਰ ਹੁੰਦਾ ਹੈ ਤੇ ਸਮੇਂ ਤੋਂ ਪਹਿਲਾਂ ਸਕੂਲ ਪਹੁੰਚ ਜਾਂਦਾ ਹੈ। ਆਰੰਭ ਤਾਂ ਬਹੁਤ ਸੋਹਣਾ ਹੁੰਦਾ ਹੈ, ਪਰੰਤੂ ਹੌਲੀ ਹੌਲੀ ਪਰਿਵਾਰ ਦੇ ਮਾਹੌਲ ਦਾ ਅਸਰ ਹੋਣਾ ਸ਼ੁਰੂ ਹੋ ਜਾਂਦਾ ਹੈ। ਬੱਚਾ ਦੇਰ ਨਾਲ ਸੌਂਦਾ ਹੈ, ਫਿਰ ਦੇਰ ਨਾਲ ਉੱਠਦਾ ਹੈ, ਸਕੂਲੇ ਕਾਹਲੀ ਕਾਹਲੀ ਦੌੜਦਾ ਹੈ, ਕੁਝ ਕਾਪੀਆਂ ਕਿਤਾਬਾਂ ਘਰ ਵਿਚ ਛੱਡ ਜਾਂਦਾ ਹੈ ਤੇ ਕਦੀ ਸਕੂਲੇ ਛੱਡ ਆਉਂਦਾ ਹੈ। ਦੋਸਤਾਂ ਕੋਲੋਂ ਨਕਲ ਕਰਨ ਲਈ ਦੌੜਦਾ ਹੈ। ਅਖੀਰਲੇ ਸਮੇਂ ਸਕੂਲ ਦਾ ਕੰਮ, ਆਖਰੀ ਦਿਨ ਇਮਤਿਹਾਨ ਦੀ ਤਿਆਰੀ, ਸਕੂਲ ਦੀ ਅਸਾਈਨਮੈਂਟ ਭੁਲ ਜਾਣਾ, ਘਟੀਆਂ ਰਾਜਨੀਤੀ ਤੇ ਆਦਤਾਂ, ਆਦਿ ਦੀ ਲਪੇਟ ਵਿਚ ਆ ਜਾਂਦਾ ਹੈ। ਸਕੂਲ ਵਿਚ ਜਾ ਕੇ ਕਰਨਾ ਤਾਂ ਜੀਵਨ ਦਾ ਵਿਕਾਸ ਤੇ ਤਰੱਕੀ ਸੀ, ਪਰ ਉਲਟੇ ਪੈਰੀ ਨਿਵਾਣਤਾ ਵੱਲ ਚਲ ਪਿਆ। ਜੀਵਨ ਵਿਚ ਉਤਰਾਅ ਚੜ੍ਹਾਅ ਤੇ ਸਮੇਂ ਨਾਲ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ, ਇਸ ਲਈ ਜੇਕਰ ਮੁਸ਼ਕਲਾਂ ਦਾ ਮੁਕਾਬਲਾ ਕਰਨਾ ਸਿਖਣਾਂ ਹੈ ਤਾਂ ਗੁਰੂ ਗਰੰਥ ਸਾਹਿਬ ਦਾ ਓਟ ਆਸਰਾ ਲੈ ਕੇ ਦ੍ਰਿੜਤਾ ਨਾਲ ਗੁਰਮਤਿ ਦੇ ਮਾਰਗ ਤੇ ਚਲਣਾ ਪਵੇਗਾ ।

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (੧੪੧੨)*

ਜਦੋਂ ਮੌਸਮ ਬਦਲਦਾ ਹੈ, ਗਰਮੀ ਤੋਂ ਬਰਸਾਤ ਤੇ ਫਿਰ ਸਰਦੀਆਂ ਆ ਜਾਂਦੀਆਂ ਹਨ। ਇਨ੍ਹਾਂ ਨਾਲ ਪਰਿਵਾਰ ਦੇ ਜੀਵਨ ਤੇ ਅਸਰ ਪੈਂਦਾ ਹੈ ਤੇ ਮਾਤਾ ਪਿਤਾ ਅਤੇ ਬੱਚੇ ਦੋਵਾਂ ਲਈ ਹੋਰ ਮੁਸ਼ਕਲਾਂ ਵਿਚ ਵਾਧਾ ਹੋ ਜਾਂਦਾ ਹੈ। ਬਦਲਦੇ ਵਾਤਾਵਰਨ ਨਾਲ ਬੱਚੇ ਦੇ ਮਨ ਅੰਦਰ ਬੇਚੈਨੀ ਫੈਲਦੀ ਹੈ, ਫਿਕਰ ਕਰਨ ਲਗਦਾ ਹੈ, ਚਿੜਚਿੜਾ ਸੁਭਾਅ ਹੋ ਜਾਂਦਾ ਹੈ। ਨਵੇਂ ਵਾਤਾਵਰਨ, ਨਵੇਂ ਸਕੂਲ, ਨਵੇਂ ਅਧਿਆਪਕ, ਨਵੇਂ ਮਾਹੌਲ, ਸਖਤ ਅਨੁਸ਼ਾਸਨ ਵਿਚ ਬੱਚੇ ਲਈ ਆਪਣੇ ਆਪ ਨੂੰ ਵਾਰ ਵਾਰ ਬਦਲਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਬੱਚਾ ਭਾਵਕ ਹੋਣਾ ਸ਼ੁਰੂ ਹੋ ਜਾਂਦਾ ਹੈ, ਸਵਾਲ ਜੁਆਬ ਕਰਨੇ ਸ਼ੁਰੂ ਕਰ ਦਿੰਦਾ ਹੈ, ਅੱਗੋਂ ਬੋਲਣਾ ਸ਼ੁਰੂ ਕਰ ਦਿੰਦਾ ਹੈ, ਛੋਟੇ ਭੈਣਾਂ ਭਰਾਵਾਂ ਨਾਲ ਲੜਨਾ ਸ਼ੁਰੂ ਕਰ ਦਿੰਦਾ ਹੈ, ਇਕੱਲਾ ਲੁਕ ਕੇ ਬੈਠਣਾ ਸ਼ੁਰੂ ਕਰ ਦਿੰਦਾ ਹੈ, ਆਦਿ। ਮਾਤਾ ਪਿਤਾ ਲਈ ਬੱਚੇ ਨੂੰ ਸਮਝਾਣਾ ਜਾਂ ਕਾਬੂ ਵਿਚ ਰੱਖਣਾ ਮੁਸ਼ਕਲ ਹੋ ਜਾਂਦਾ ਹੈ, ਬੇਬਸੀ ਦੀ ਹਾਲਤ ਵਿਚ ਮਾਤਾ ਪਿਤਾ ਨੂੰ ਗੁਸਾ ਵੀ ਆ ਸਕਦਾ ਹੈ, ਜਿਸ ਨਾਲ ਸਥਿਤੀ ਹੋਰ ਵਿਗੜ ਸਕਦੀ ਹੈ। ਇਹ ਸੋਚ ਕੇ ਚੱਲਣਾ ਕਿ ਇਹ ਹਰ ਘਰ ਦੀ ਮੁਸੀਬਤ ਹੈ, ਕੋਈ ਵਿਕਸਤ ਸੋਚ ਨਹੀਂ ਹੈ। ਸੋਚਣਾ ਤੇ ਵਿਚਾਰਨਾ ਇਹ ਹੈ ਕਿ ਇਸ ਦਾ ਹੱਲ ਕਿਸ ਤਰ੍ਹਾਂ ਖੋਜਿਆ ਜਾਵੇ ਤੇ ਕਿਸ ਤਰ੍ਹਾਂ ਲਾਗੂ ਕੀਤਾ ਜਾਵੇ। ਜਦੋਂ ਭਵਿੱਖ ਦੀ ਸਫਲਤਾ ਲਈ ਯੋਜਨਾ ਬਣਾਣੀ ਹੈ ਤਾਂ ਫਾਲਤੂ ਗੱਲਾਂ ਜਾਂ ਅਸਫਲਤਾਵਾਂ ਨੂੰ ਛੱਡ ਕੇ ਇਹ ਮੰਤਵ ਹੋਣਾ ਚਾਹੀਦਾ ਹੈ ਕਿ ਬੱਚਾ ਕਿਸ ਤਰ੍ਹਾਂ ਖੁਸ਼ ਹੋ ਸਕਦਾ ਹੈ ਤੇ ਕਿਸ ਤਰ੍ਹਾਂ ਸਫਲਤਾ ਦੀ ਮੰਜ਼ਲ ਵੱਲ ਜਾ ਸਕਦਾ ਹੈ।

***ਸਿਰੀਰਾਗੁ ਮਹਲਾ ੫ ॥** ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ ੧ ॥ ਸਾਹਿਬੁ ਨਿਤਾਣਿਆ ਕਾ ਤਾਣੁ ॥ ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥੧ ॥ ਰਹਾਉ ॥ (੭੦)*

ਕਈ ਮਾਤਾ ਪਿਤਾ ਇਹ ਨਹੀਂ ਸਮਝ ਸਕਦੇ ਕਿ ਜੇਕਰ ਬੱਚੇ ਵੱਡੇ ਹੋ ਰਹੇ ਹਨ ਤਾਂ ਉਨ੍ਹਾਂ ਦਾ ਉਮਰ ਦੇ ਨਾਲ ਨਾਲ ਮਾਨਸਿਕ ਵਿਕਾਸ ਵੀ ਹੋ ਰਿਹਾ ਹੈ ਤੇ ਨਾਲ ਦੀ ਨਾਲ ਉਨ੍ਹਾਂ ਉਪਰ ਅੰਦਰੂਨੀ ਤੇ ਬਾਹਰੀ ਵਾਤਾਵਰਨ ਦਾ ਅਸਰ ਵੀ ਹੋ ਰਿਹਾ ਹੈ। ਜੇਕਰ ਮਾਤਾ ਪਿਤਾ ਬੱਚੇ ਉਪਰ ਆਪਣੀ ਬਚਪਨ ਵਾਲੀ ਹਕੂਮਤ ਜਾਰੀ ਰੱਖਦੇ ਹਨ ਤਾਂ ਬੱਚਾ ਉਸ ਦਾ ਵਿਰੋਧ ਵੀ ਕਰ ਸਕਦਾ ਹੈ। ਬਹੁਤ ਸਾਰੇ ਘਰਾਂ ਵਿਚ ਬੱਚੇ ਨੂੰ ਉਸ ਦੇ ਘਰ ਦੇ ਨਾਂ (Pet name) ਨਾਲ ਬੁਲਾਇਆ ਜਾਂਦਾ ਹੈ। ਜੇਕਰ ਬੱਚੇ ਦੇ ਦੋਸਤਾਂ ਸਾਹਮਣੇ ਉਸ ਨੂੰ ਪਿੰਕੀ ਵਗੈਰਾ ਕਹਿ ਕੇ ਬੁਲਾਇਆ ਜਾਵੇਗਾ ਤਾਂ ਹੋ ਸਕਦਾ ਹੈ, ਉਹ ਪਸੰਦ ਨਾ ਕਰੇ।

**ਹੇਠ ਲਿਖੇ ਇਹ ਕੁਝ ਤਰੀਕੇ ਹਨ, ਜਿਨ੍ਹਾਂ ਨੂੰ ਵਰਤ ਕੇ ਬੱਚਿਆਂ ਦੇ ਜੀਵਨ ਨੂੰ ਸਹੀ ਦਿਸ਼ਾ ਵੱਲ ਮੋੜਿਆ ਜਾ ਸਕਦਾ ਹੈ, ਬੱਚਿਆਂ ਤੇ ਪਰਿਵਾਰ ਦਾ ਜੀਵਨ ਸਫਲ ਬਣਾਇਆ ਜਾ ਸਕਦਾ ਹੈ:**

**ਬੱਚੇ ਸਬੰਧੀ ਆਪਣੀਆਂ ਅੱਖਾਂ ਹਮੇਸ਼ਾਂ ਖੋਲ ਕੇ ਰੱਖੋ:** ਕਈ ਵਾਰੀ ਵੇਖਣ ਵਿਚ ਆਉਂਦਾ ਹੈ ਕਿ ਬੱਚੇ ਨੂੰ ਠੀਕ ਮਹਿਸੂਸ ਨਹੀਂ ਹੁੰਦਾ ਹੈ, ਪਰੰਤੂ ਮਾਤਾ ਪਿਤਾ ਧਿਆਨ ਨਹੀਂ ਦਿੰਦੇ ਹਨ ਤੇ ਆਪਣੇ ਕੰਮਾਂ ਕਾਜਾਂ ਵਿਚ ਮਗਨ ਰਹਿੰਦੇ ਹਨ। ਸਾਰੇ ਮਾਪਿਆਂ ਨੂੰ ਕੰਮ ਦੀ ਜਿੰਮੇਵਾਰੀ ਰਹਿੰਦੀ ਹੈ, ਤੇ ਚਾਰੇ ਪਾਸਿਆ ਤੋਂ ਕੰਮ ਦਾ ਦਬਾਅ ਰਹਿੰਦਾ ਹੈ, ਜਿਸ ਕਰਕੇ ਉਹ ਸਾਰਾ ਸਮਾਂ ਰੁਝੇ ਰਹਿੰਦੇ ਹਨ। ਜੇਕਰ ਬੱਚਾ ਰੁੱਸਿਆ ਰਹਿੰਦਾ ਹੈ, ਜਾ ਚੁੱਪ ਕਰਕੇ ਬੈਠਾ ਰਹਿੰਦਾ ਹੈ, ਤਾਂ ਉਹ ਕੁਝ ਸੰਕੇਤ ਦੇ ਰਿਹਾ ਹੈ। ਆਮ ਤੌਰ ਤੇ ਮਾਤਾ ਪਿਤਾ ਅਜੇਹੇ ਸੰਕੇਤਾਂ ਦਾ ਧਿਆਨ ਨਹੀਂ ਦਿੰਦੇ ਹਨ, ਪਰੰਤੂ ਹੋਸ਼ ਉਦੋਂ ਆਂਉਂਦੀ ਹੈ, ਜਦੋਂ ਸਥਿਤੀ ਆਪੇ ਤੋਂ ਬਾਹਰ ਹੋ ਜਾਂਦੀ ਹੈ। ਫਿਰ ਪਛਤਾਉਂਦੇ ਹਨ ਕਿ ਬੱਚਾ ਕਹਿ ਤਾਂ

ਰਿਹਾ ਸੀ, ਪਰੰਤੂ ਅਸੀਂ ਰੁਝੇਵੇ ਕਰਕੇ ਧਿਆਨ ਨਹੀਂ ਦਿਤਾ। ਇਸ ਲਈ ਹਮੇਸ਼ਾਂ ਸੁਚੇਤ ਰਹਿਣਾ ਚਾਹੀਦਾ ਹੈ ਤੇ ਸਮੱਸਿਆ ਦੇ ਵਧਣ ਤੋਂ ਪਹਿਲਾਂ ਹੀ ਹੱਲ ਲੱਭ ਲੈਂਣਾ ਚਾਹੀਦਾ ਹੈ। ਹਮੇਸ਼ਾਂ ਵੇਖਦੇ ਰਹਿਣਾ ਚਾਹੀਦਾ ਹੈ ਕਿ ਬੱਚਾ ਰੁੱਸਿਆ ਜਾਂ ਉਦਾਸ ਤੇ ਨਹੀਂ ਰਹਿੰਦਾ ਹੈ, ਚੁੱਪ ਕਰਕੇ ਇਕੱਲਾ ਤੇ ਨਹੀਂ ਬੈਠਾ ਰਹਿੰਦਾ ਹੈ, ਛੋਟੀ ਛੋਟੀ ਗੱਲ ਤੇ ਖਿਝਦਾ ਜਾਂ ਲੜਦਾ ਤਾਂ ਨਹੀਂ ਹੈ, ਬੱਚਿਆ ਨਾਲ ਕਿਤੇ ਲੜਾਈ ਤਾਂ ਨਹੀਂ ਹੋਈ ਹੈ, ਦੋਸਤਾਂ ਨੇ ਬੁਲਾਣਾਂ ਜਾ ਆਉਂਣਾ ਤੇ ਨਹੀਂ ਬੰਦ ਕਰ ਦਿਤਾ ਹੈ, ਬੱਚਾ ਸਕੂਲ ਵਿਚ ਆਪਣੇ ਆਪ ਨੂੰ ਓਪਰਾ ਓਪਰਾ ਤੇ ਮਹਿਸੂਸ ਨਹੀਂ ਕਰਦਾ ਹੈ, ਆਦਿ। ਹੋ ਸਕਦਾ ਹੈ ਕਿ ਜਦੋਂ ਸਾਨੂੰ ਦੇਰ ਬਾਅਦ ਪਤਾ ਲੱਗੇ ਤਾਂ ਉਦੋਂ ਤਕ ਸਥਿਤੀ ਬਹੁਤ ਖਰਾਬ ਹੋ ਚੁਕੀ ਹੋਵੇ। ਅਜੇਹੀ ਸਥਿਤੀ ਨੂੰ ਹੱਲ ਕਰਨ ਵਿਚ ਬਹੁਤ ਸਮਾਂ ਬਰਬਾਦ ਹੁੰਦਾ ਹੈ, ਤੇ ਮਾਤਾ ਪਿਤਾ ਨੂੰ ਵੀ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

***ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ*** ॥ *(੪੧੭)*

ਇਸ ਲਈ ਅੱਖਾਂ ਮੀਟ ਕੇ ਅਵੇਸਲੇ ਨਹੀਂ ਰਹਿਣਾ ਹੈ, ਬੱਚੇ ਦੇ ਸੁਭਾਅ ਸਬੰਧੀ ਹਮੇਸ਼ਾਂ ਸੁਚੇਤ ਰਹਿਣਾ ਚਾਹੀਦਾ ਹੈ। ਗੁਰਬਾਣੀ ਅਨੁਸਾਰ ਜੀਵਨ ਵਿਚ ਸੇਧ ਲੈਂਣ ਦੇ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ।

***ਗਾਏ ਸੁਨੇ ਆਂਖੇ ਮੀਚੈ, ਪਾਈਐ ਨ ਪਰਮਪਦੁ॥ ਗੁਰ ਉਪਦੇਸੁ, ਗਹਿ ਜਉ ਲਉ, ਨ ਕਮਾਈਐ ॥੪੩੯॥***
***(ਕਬਿਤ ਭਾਈ ਗੁਰਦਾਸ ਜੀ)***

**ਬੱਚਿਆਂ ਦੇ ਅਧਿਆਪਕਾ ਨਾਲ ਸਬੰਧ ਤੇ ਤਾਲਮੇਲ ਬਣਾ ਕੇ ਰੱਖਣਾ:** ਮਾਤਾ ਪਿਤਾ ਨੂੰ ਕੋਸ਼ਿਸ ਕਰਨੀ ਚਾਹੀਦੀ ਹੈ ਕਿ ਬੱਚੇ ਦੇ ਅਧਿਆਪਕਾਂ ਨਾਲ ਸਬੰਧ ਕਾਇਮ ਕੀਤਾ ਜਾਵੇ ਤਾਂ ਜੋ ਬੱਚੇ ਦੀ ਪੜ੍ਹਾਈ ਤੇ ਉਸ ਸਬੰਧੀ ਹੋਰ ਜਾਣਕਾਰੀ ਮਿਲਦੀ ਰਹੇ। ਕਈ ਮਾਤਾ ਪਿਤਾ ਤਾਂ ਅਧਿਆਪਕਾਂ ਨੂੰ ਬੱਚਿਆਂ ਦਾ ਦੁਸ਼ਮਣ ਸਮਝਦੇ ਹਨ, ਪਰੰਤੂ ਉਹ ਇਹ ਨਹੀਂ ਸਮਝਦੇ ਕਿ ਅਧਿਆਪਕਾਂ ਦਾ ਕੰਮ ਬੱਚਿਆਂ ਦਾ ਭਲਾ ਕਰਨਾ ਤੇ ਉਨ੍ਹਾਂ ਦਾ ਵਿਕਾਸ ਕਰਨਾ ਹੁੰਦਾ ਹੈ। ਜੇਕਰ ਕੋਈ ਐਸਾ ਮਸਲਾ ਹੈ ਤਾਂ ਅਧਿਆਪਕ ਨਾਲ ਤਾਲਮੇਲ ਬਣਾ ਕੇ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕੁਝ ਲੋਕ ਤਾਂ ਮਸਲਾ ਹੱਲ ਕਰਨ ਦੀ ਬਜਾਏ ਅਧਿਆਪਕ ਉੱਪਰ ਇਲਜਾਮ ਲਾਉਂਣ ਲਗ ਜਾਂਦੇ ਹਨ। ਪ੍ਰਿੰਸੀਪਲ ਕੋਲ ਜਾਣ ਦੀ ਬਜਾਏ ਪਹਿਲਾਂ ਅਧਿਆਪਕ ਨਾਲ ਗੱਲਬਾਤ ਕਰਕੇ ਮਸਲਾ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਕਰ ਕੋਈ ਘਰੇਲੂ ਮਸਲਾ ਹੈ ਤਾਂ ਉਸ ਨੂੰ ਸਮੇਂ ਤੋਂ ਪਹਿਲਾਂ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬੱਚੇ ਦੀ ਪੜ੍ਹਾਈ ਦਾ ਨੁਕਸਾਨ, ਸਕੂਲ ਵਿਚ ਕੋਈ ਖਰਾਬੀ ਕਰਨੀ, ਜਾਂ ਘੱਟ ਨੰਬਰ ਆਉਂਣ ਤੋਂ ਬਾਅਦ ਸੁਤੇ ਉੱਠਣ ਨਾਲ ਕੋਈ ਲਾਭ ਨਹੀਂ ਹੋਣਾ ਹੈ, ਸਮੇਂ ਤੋਂ ਪਹਿਲਾਂ ਲੋੜੀਂਦੀ ਕਾਰਵਾਈ ਕਰਨੀ ਚਾਹੀਦੀ ਹੈ। ਜੇਕਰ ਘਰ ਵਿਚ ਕੋਈ ਬੀਮਾਰ ਹੈ ਜਾਂ ਕੋਈ ਮਾਇਕ ਮੁਸ਼ਕਲ ਹੈ, ਮਾਤਾ ਪਿਤਾ ਦੀ ਆਪਸ ਵਿਚ ਅਣਬਣ ਹੈ, ਦੂਸਰੇ ਬੱਚਿਆ ਕਰਕੇ ਪਰੇਸ਼ਾਨੀ ਹੈ, ਜਾ ਕੋਈ ਹੋਰ ਕਾਰਨ ਹੈ, ਜਿਸ ਨਾਲ ਬੱਚੇ ਦੀ ਪੜ੍ਹਾਈ ਖਰਾਬ ਹੋ ਸਕਦੀ ਹੈ ਤਾਂ ਅਧਿਆਪਕ ਨਾਲ ਸਾਲਾਹ ਕੀਤੀ ਜਾ ਸਕਦੀ ਹੈ ਤਾਂ ਜੋ ਕੋਈ ਹੱਲ ਲੱਭਿਆ ਜਾ ਸਕੇ। ਭਾਂਵੇ ਲੋਕੀ ਸਹਿਮਤ ਨਾ ਹੋਣ, ਪਰੰਤੂ ਜਿਆਦਾ ਤਰ ਅਧਿਆਪਕ ਖੁਲੇ ਦਿਲ ਨਾਲ ਬੱਚੇ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਗੁਰੂ ਗਰੰਥ ਸਾਹਿਬ ਵਿਚ ਸਿੱਖ ਨੂੰ ਸਮਝਾਇਆ ਗਿਆ ਹੈ ਕਿ ਸਬਰ ਵਾਲਾ ਜੀਵਨ ਬਤੀਤ ਕਰਨਾ ਹੈ ਤੇ ਆਪਣੇ ਸਬਦ ਗੁਰੂ ਤੇ ਪੂਰਾ ਭਰੋਸਾ ਰੱਖਣਾ ਹੈ। ਠੀਕ ਉਸੇ ਤਰ੍ਹਾਂ ਦੁਨਿਆਵੀ ਗੁਰੂ (ਅਧਿਆਪਕ) ਤੇ ਵੀ ਭਰੋਸਾ ਰੱਖਣਾ ਚਾਹੀਦਾ ਹੈ।

***ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍ ॥ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥*** *(੧੩੮੪)*

***ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥*** *(੨੮੫)*

ਗੁਰੂ ਗਰੰਥ ਸਾਹਿਬ ਵਿਚ ਸਾਰਿਆਂ ਨੂੰ ਇਕੋ ਜਿਹਾ ਉਪਦੇਸ ਦਿਤਾ ਗਿਆ ਹੈ। ਪ੍ਰੇਮ ਦੀ ਬਰਕਤ ਨਾਲ ਗੁਰੂ ਆਪਣੇ ਸਿੱਖ ਨਾਲ ਇਕ-ਰੂਪ ਹੋ ਜਾਂਦਾ ਹੈ ਅਤੇ ਸਿੱਖ ਗੁਰੂ ਵਿਚ ਲੀਨ ਹੋ ਜਾਂਦਾ ਹੈ। ਸਿੱਖ ਵੀ ਗੁਰੂ ਦੇ ਉਪਦੇਸ਼ ਅਨੁਸਾਰ ਆਪਣੇ ਨਿਜੀ ਜੀਵਨ ਵਿਚ ਵਿਚਰਦਾ ਰਹਿੰਦਾ ਹੈ। ਗੁਰੂ ਜਿਸ ਮਨੁੱਖ ਨੂੰ ਅਕਾਲ ਪੁਰਖੁ ਦੀ ਸਿਫਤ ਸਾਲਾਹ ਕਰਨ ਦਾ ਮੰਤਰ ਹਿਰਦੇ ਵਿਚ ਵਸਾਣ ਲਈ ਦੇ ਦਿੰਦਾ ਹੈ, ਉਸ ਮਨੁੱਖ ਦੇ ਅੰਦਰ ਅਕਾਲ ਪੁਰਖੁ ਵਰਗੇ ਗੁਣ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ, ਫਿਰ ਉਸ ਮਨੁੱਖ ਨੂੰ ਹਰੇਕ ਦੇ ਅੰਦਰ ਅਕਾਲ ਪੁਰਖੁ ਵਸਦਾ ਵਿਖਾਈ ਦਿੰਦਾ ਹੈ।

***ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥੨॥੯॥ (੪੪੪)***

**ਬੱਚੇ ਅੰਦਰ ਸਮਾਜ ਸੇਵਾ ਲਈ ਗੁਣ ਪੈਦਾ ਕਰਨੇ:** ਜਿਥੇ ਬੱਚੇ ਨੇ ਪੜ੍ਹਾਈ ਵਿਚ ਅਵਲ ਨੰਬਰ ਲੈਣੇ ਹਨ, ਉਥੇ ਨਾਲ ਦੀ ਨਾਲ ਬੱਚੇ ਅੰਦਰ ਸਮਾਜ ਸੇਵਾ ਲਈ ਵੀ ਗੁਣ ਪੈਦਾ ਕਰਨੇ ਚਾਹੀਦੇ ਹਨ। ਹੋਰ ਵਿਦਿਆਰਥੀਆਂ ਨੂੰ ਨਾਲ ਲੈ ਕੇ ਕਿਸ ਤਰ੍ਹਾਂ ਚਲਣਾ ਹੈ, ਦੋਸਤੀ ਦਾ ਮਾਹੌਲ ਕਿਸ ਤਰ੍ਹਾਂ ਪੈਦਾ ਕਰਨਾ ਹੈ। ਇਕ ਸੰਤੁਸ਼ਟ ਵਿਦਿਆਰਥੀ ਹੀ ਪੂਰੀ ਲਗਨ ਤੇ ਖੁਸ਼ੀ ਨਾਲ ਪੜ੍ਹ ਸਕਦਾ ਹੈ। ਉਹ ਲੋਕ ਬੜੇ ਭੁਲੇਖੇ ਵਿਚ ਹਨ, ਜਿਹੜੇ ਕਿ ਇਹ ਸੋਚਦੇ ਹਨ ਕਿ ਸਕੂਲ ਸਿਰਫ ਡਿਗਰੀਆਂ ਲੈਣ ਲਈ ਹੀ ਹੁੰਦੇ ਹਨ ਤੇ ਸਮਾਜਕ ਜੀਵਨ ਦੀ ਕੋਈ ਲੋੜ ਨਹੀਂ ਹੈ। ਸਮਾਜਕ ਗੁਣ ਪੈਦਾ ਕਰਨ ਲਈ ਕੁਝ ਨਿਯਮ ਬਣਾਣੇ ਪੈਂਦੇ ਹਨ ਤੇ ਉਨ੍ਹਾਂ ਦਾ ਪਾਲਣ ਕਰਨਾ ਪੈਂਦਾ ਹੈ। ਆਪਣਾ ਖਾਣ, ਪੀਣ, ਸੌਣ, ਉੱਠਣ, ਪੜ੍ਹਨ ਦਾ ਸਮਾਂ ਨੀਯਤ ਕਰਕੇ, ਉਸ ਦਾ ਪਾਲਣ ਕਰਨਾ ਚਾਹੀਦਾ ਹੈ। ਕਿਸੇ ਬਾਰੇ ਕੁਝ ਸੋਚਣ ਤੇ ਕਰਨ ਤੋਂ ਪਹਿਲਾਂ ਬੱਚੇ ਦੇ ਮਨ ਅੰਦਰ ਇਹ ਵੀਚਾਰਨ ਦੀ ਆਦਤ ਪਾਣੀ ਚਾਹੀਦੀ ਹੈ, ਕਿ ਜੇਕਰ ਉਹ ਵੀ ਦੂਸਰੇ ਦੀ ਅਜੇਹੀ ਸਥਿਤੀ ਵਾਂਗੂ ਹੁੰਦਾ ਤਾਂ ਉਹ ਕੀ ਕਰਦਾ। ਇਸ ਤਰ੍ਹਾਂ

ਵੀਚਾਰਨ ਨਾਲ ਬੱਚੇ ਦੇ ਮਨ ਅੰਦਰ ਇਕ ਚੰਗਾ ਆਚਰਨ ਪੈਦਾ ਹੋਵੇਗਾ, ਤੇ ਉਸ ਦਾ ਸੁਭਾਅ ਦੂਸਰਿਆਂ ਪ੍ਰਤੀ ਦਇਆਲਤਾ ਤੇ ਨਿਰਵੈਰਤਾ ਵਾਲਾ ਬਣ ਜਾਵੇਗਾ। ਬੱਚੇ ਨੂੰ ਆਪਣੇ ਦੁਖ ਤਖਲੀਫ ਤੇ ਪਰੇਸ਼ਾਨੀਆਂ ਸਾਂਝੀਆਂ ਕਰਨੀਆਂ ਸਿਖਾਈਆਂ ਜਾ ਸਕਦੀਆਂ ਹਨ, ਇਸ ਨਾਲ ਉਸ ਦਾ ਮਨ ਹਲਕਾ ਹੋ ਜਾਵੇਗਾ। ਬਿਨਾ ਕਿਸੇ ਦੂਸਰੇ ਨੂੰ ਦੁਖ ਦਿਤੇ ਬੱਚੇ ਨੂੰ ਆਪਣੀਆਂ ਪਰੇਸ਼ਾਨੀਆਂ ਤੇ ਗੁਸੇ ਤੇ ਕਾਬੂ ਕਰਨ ਦੀ ਜਾਚ ਸਿਖਾਣੀ ਚਾਹੀਦੀ ਹੈ। ਕਿਸੇ ਨੂੰ ਲੱਤ ਨਹੀਂ ਮਾਰਨੀ, ਧੱਕਾ ਨਹੀਂ ਮਾਰਨਾ, ਕੱਟਣਾ ਨਹੀਂ, ਥੁਕਣਾ ਨਹੀਂ, ਗੰਦੇ ਬੋਲ ਜਾਂ ਗਾਲੀਆਂ ਨਹੀਂ ਕੱਢਣੀਆਂ, ਆਦਿ। ਸਬਦ ਗੁਰੂ ਅਨੁਸਾਰ ਕੀਤੀ ਹੋਈ ਸੇਵਾ ਹੀ ਮਨੁੱਖ ਨੂੰ ਸਫਲ ਜੀਵਨ ਵੱਲ ਲਿਜਾ ਸਕਦੀ ਹੈ।

*ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥ ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥ (੨੮੬-੨੮੭)*

**ਬੱਚੇ ਨੂੰ ਆਪਣੇ ਪੈਰਾਂ ਤੇ ਆਪ ਖੜਾ ਹੋਣਾ ਸਿਖਾਓ:** ਜਦੋਂ ਬੱਚਾ ਨਵੀਆਂ ਨਵੀਆਂ ਗੱਲਾਂ ਤਰੀਕੇ ਤੇ ਕੰਮ ਸਿਖਦਾ ਹੈ, ਤਾਂ ਉਸ ਦਾ ਆਤਮ ਵਿਸ਼ਵਾਸ ਵਧਦਾ ਹੈ ਤੇ ਉਹ ਆਪਣੇ ਪੈਰਾਂ ਤੇ ਆਪ ਖੜਾ ਹੋਣਾ ਸਿਖ ਜਾਂਦਾ ਹੈ। ਚਾਹੀਦਾ ਹੈ ਕਿ ਬੱਚਾ ਹਰ ਸਾਲ ਕੋਈ ਨਾ ਕੋਈ ਨਵਾਂ ਗੁਣ ਤੇ ਜਿੰਮੇਵਾਰੀ ਸਿਖੇ ਤੇ ਉਸ ਤੇ ਮਾਣ ਕਰ ਸਕੇ ਤਾਂ ਜੋ ਉਸ ਦਾ ਉਤਸ਼ਾਹ ਵਧਦਾ ਰਹੇ। ਬੱਚਿਆਂ ਨੂੰ ਆਪਣੇ ਕਪੜੇ ਚੁਣਨੇ, ਕਪੜੇ ਪਾਣੇ, ਬੂਟ ਪਾਣੇ, ਸਕੂਲ ਦਾ ਬਸਤਾ ਤਿਆਰ ਕਰਨਾ, ਰੋਟੀ ਦਾ ਡੱਬਾ, ਆਪਣੇ ਆਪ ਉਠਣਾ, ਕਿਤਾਬਾ ਕਾਪੀਆਂ ਠੀਕ ਤਰ੍ਹਾਂ ਰੱਖਣੀਆਂ, ਮਾਤਾ ਪਿਤਾ ਦੀ ਘਰ ਦੇ ਕੰਮਾਂ ਵਿਚ ਸਹਾਇਤਾ ਕਰਨੀ, ਆਦਿ ਕੰਮ ਕਰਨੇ ਸਿਖਣੇ ਚਾਹੀਦੇ ਹਨ। ਜਿਸ ਤਰ੍ਹਾਂ ਬੱਚਾ ਵੱਡਾ ਹੁੰਦਾ ਹੈ, ਉਸ ਨੂੰ ਆਪਣੇ ਆਪ ਖਾਣਾ, ਘਰ ਦਾ ਕੰਮ ਕਰਨਾ, ਸਕੂਲ ਦਾ ਕੰਮ ਕਰਨਾ, ਸਕੂਲ ਦਾ ਪਰਾਜੈਕਟ ਤਿਆਰ ਕਰਨਾ, ਸਿਖਿਆ ਵਾਲੀਆਂ ਖੇਡਾਂ ਖੇਡਣੀਆਂ, ਆਦਿ ਦੀ ਜਾਚ ਸਿਖਣੀ ਚਾਹੀਦੀ ਹੈ। ਬੱਚੇ ਦਾ ਸਕੂਲ ਦਾ ਕੰਮ ਮਾਤਾ ਪਿਤਾ ਨੂੰ ਕਰਨ ਦੀ ਬਜਾਏ, ਬੱਚੇ ਨੂੰ ਆਪ ਕਰਨ ਦੀ ਆਦਤ ਪਾਣੀ ਚਾਹੀਦੀ ਹੈ। ਮਾਤਾ ਪਿਤਾ ਨੂੰ ਬੱਚੇ ਦੇ ਕੀਤੇ ਕੰਮ ਵੇਖ ਕੇ, ਉਸ ਦੇ ਕੰਮ ਕਰਨ ਦੇ ਤਰੀਕੇ ਨੂੰ ਠੀਕ ਕਰਨ ਵਿਚ ਸਹਾਇਤਾ ਕਰਨੀ ਚਾਹੀਦੀ ਹੈ। ਮੁਸ਼ਕਲ ਕੰਮ ਕਰਨ ਵਿਚ ਸਹਾਇਤਾ ਤੇ ਅਗਵਾਈ ਦਿਤੀ ਜਾ ਸਕਦੀ ਹੈ। ਬੱਚੇ ਨੂੰ ਆਪਣੇ ਕੰਮ ਆਪ ਕਰਨ ਦੀ ਜਾਚ ਸਿਖਣੀ ਚਾਹੀਦੀ ਹੈ, ਤਾਂ ਜੋ ਜੀਵਨ ਵਿਚ ਇਜਤ, ਮਾਣ ਤੇ ਭਰੋਸੇ ਨਾਲ ਚਲ ਸਕੇ।

*"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥" (੪੭੪)*

*ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ (੧੪੨)*

**ਗੱਲਬਾਤ ਕਰਨ ਵਿਚ ਮਾਤਾ ਪਿਤਾ ਤੇ ਬੱਚਿਆਂ ਦਾ ਆਪਸ ਵਿਚ ਪ੍ਰੇਮ ਪਿਆਰ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ:** ਬੱਚਿਆਂ ਦਾ ਮਾਤਾ ਪਿਤਾ ਕੋਲੋਂ ਡਰਦੇ ਰਹਿਣਾ ਠੀਕ ਨਹੀਂ ਹੈ। ਭਾਵੇਂ ਕੋਈ ਭੈੜੇ ਤੋਂ ਭੈੜਾ ਮਸਲਾ ਹੋਵੇ, ਮਸਲਾ ਬਹੁਤ ਉਲਝ ਗਿਆ ਹੋਵੇ, ਕੋਈ ਚੀਜ਼ ਖਰਾਬ ਹੋ ਗਈ ਹੋਵੇ, ਤਾਂ ਵੀ ਬੱਚੇ ਦੇ ਮਨ ਵਿਚ ਇਹ ਨਹੀਂ ਹੋਣਾ ਚਾਹੀਦਾ ਹੈ ਕਿ ਮਾਤਾ ਪਿਤਾ ਉਸ ਨੂੰ ਨਫਰਤ ਕਰਨਗੇ ਜਾਂ ਮਾਰਨਗੇ। ਮਾਤਾ ਪਿਤਾ ਨੂੰ ਨਿਰਾਸ਼ਤਾ ਹੋ ਸਕਦੀ ਹੈ, ਪਰੰਤੂ ਬੱਚੇ ਦੇ ਮਨ ਵਿਚ ਹੋਣਾ ਚਾਹੀਦਾ ਹੈ ਕਿ ਮਾਤਾ ਪਿਤਾ ਉਸ ਦੀ ਸਹਾਇਤਾ ਕਰਨ ਲਈ ਹਨ। ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਬੱਚਿਆਂ ਨਾਲ ਰੋਜ਼ਾਨਾ ਗੱਲਬਾਤ ਕਰਨ, ਆਪਸ ਵਿਚ ਹੱਸਣ ਖੇਡਣ, ਖੁਸ਼ੀ ਸਾਂਝੀ ਕਰਨ, ਖਾਣਾ ਇਕੱਠੇ ਖਾਣ, ਕਹਾਣੀਆਂ ਸੁਣਾਣ, ਆਦਿ। ਬੱਚੇ ਨਾਲ ਸਮਾਂ ਬਿਤਾਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਲੱਗੇ ਕਿ ਉਹ ਵੀ ਆਪ ਦੇ ਜੀਵਨ ਦਾ ਹਿਸਾ ਹੈ। ਭਾਵੇ ਥੋੜਾ ਸਮਾਂ ਹੀ ਹੋਵੇ ਪਰੰਤੂ ਰੋਜ਼ਾਨਾ ਕੁਝ ਸਮਾਂ ਕੱਢੋ। ਬੱਚੇ ਨਾਲ ਗੱਲਬਾਤ ਕਰਨ ਸਮੇਂ, ਸਕੂਲੇ ਛੱਡਣ ਵੇਲੇ, ਵਾਪਿਸ ਲਿਆਣ ਵੇਲੇ, ਆਪਣਾ ਮੋਬਾਈਲ ਜਾਂ ਕੰਮਪਿਊਟਰ ਬੰਦ ਕਰ ਦਿਉ। ਬੱਚੇ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਗੱਲਬਾਤ ਕਰੋ। ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਬੱਚਿਆਂ ਨਾਲ ਉਸੇ ਤਰੀਕੇ ਨਾਲ ਗੱਲਬਾਤ ਕਰਨ, ਜਿਸ ਤਰ੍ਹਾਂ ਤੁਸੀ ਚਾਹੁੰਦੇ ਹੋ ਕਿ ਬੱਚਾ ਦੂਸਰਿਆਂ ਨਾਲ ਗੱਲਬਾਤ ਕਰੇ। ਜਿਥੋਂ ਤਕ ਹੋ ਸਕੇ ਮਾਤਾ ਪਿਤਾ ਦਾ ਤਰੀਕਾ ਆਸ਼ਾਵਾਦੀ, ਉਤਸ਼ਾਹ ਦੇਣ ਵਾਲਾ ਤੇ ਠੀਕ ਹੋਣਾ ਚਾਹੀਦਾ ਹੈ। ਜੇਕਰ ਕੋਈ ਮਜਬੂਰੀ ਜਾਂ ਮੁਸ਼ਕਲ ਹੋਵੇ, ਜਿਸ ਕਰਕੇ ਬੱਚੇ ਦੀ ਇਛਾ ਪੂਰੀ ਨਹੀਂ ਕਰ ਸਕਦੇ ਤਾਂ ਗੱਲਬਾਤ ਕਰਨ ਸਮੇਂ ਪੱਕੇ, ਠੀਕ ਤੇ ਭਰੋਸੇ ਵਾਲੇ ਲਗਣੇ ਚਾਹੀਦੇ ਹਨ। ਮਾਤਾ ਪਿਤਾ ਬੱਚੇ ਨੂੰ ਬਿਨਾ ਉੱਚੀ ਬੋਲੇ ਪਿਆਰ ਨਾਲ ਸਮਝਾ ਸਕਦੇ ਹਨ ਤੇ ਵਿਸ਼ਵਾਸ ਦੇ ਮਾਹੌਲ ਵਿਚ ਸਹਾਇਤਾ ਕਰ ਸਕਦੇ ਹਨ।

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ (੨੮੫)*

**ਗੁਰਦੁਆਰਾ ਸਾਹਿਬ ਬਹੁਤ ਵੱਡਾ ਸਿਖਿਆ ਦਾ ਕੇਂਦਰ ਬਣ ਸਕਦਾ ਹੈ:** ਬੱਚਿਆਂ ਨੂੰ ਅਵਲ ਦਰਜ਼ੇ ਦੀ ਸਿਖਿਆ ਦੇਣ ਲਈ ਗੁਰਦੁਆਰਾ ਸਾਹਿਬ ਬਹੁਤ ਸਹਾਈ ਹੋ ਸਕਦੇ ਹਨ। ਬਿਨਾ ਕਿਸੇ ਉਚੇਚੇ ਉਪਰਾਲੇ ਕਰਨ ਦੇ ਬੱਚੇ ਬਹੁਤ ਸਾਰੀਆਂ ਚੰਗੀਆਂ ਆਦਤਾਂ ਸਿਖ ਸਕਦੇ ਹਨ। ਆਪਸ ਵਿਚ ਕਿਸ ਤਰ੍ਹਾਂ ਮਿਲਵਰਤਨ ਕਰਨਾ, ਲੰਗਰ ਬਣਾਣਾ ਤੇ ਵਰਤਾਣਾ, ਦਰਬਾਰ ਹਾਲ ਵਿਚ ਕਿਸ ਤਰ੍ਹਾਂ ਬੈਠਣਾਂ, ਗੁਰਬਾਣੀ ਸੁਣਨੀ, ਸਮਝਣੀ, ਗਾਇਨ ਕਰਨੀ, ਜੀਵਨ ਵਿਚ ਅਪਨਾਉਣੀ ਤੇ ਇਕ ਦੂਜੇ ਦੀ ਸਹਾਇਤਾ ਕਰਨੀ, ਆਦਿ।

ਇਹ ਸਭ ਕੁਝ ਸਮਝਣ, ਸਿਖਣ ਤੇ ਜੀਵਨ ਵਿਚ ਅਪਨਾਣ ਲਈ ਸਭ ਤੋਂ ਉੱਤਮ ਤੇ ਕਾਰਗਰ ਤਰੀਕਾ ਹੈ ਕਿ, ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਤੋਂ ਸੇਧ ਲਈ ਜਾਵੇ ਤੇ ਗੁਰਬਾਣੀ ਅਨੁਸਾਰ ਦੱਸੀ ਗਈ ਸਿਖਿਆਂ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ ਜਾਵੇ।

*ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥ ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੮॥ (੭੫੯)*

**"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ"**

ਤਤਕਰਾ

# ਗੁਰਦੁਆਰਾ ਸਾਹਿਬ ਤੇ ਮਾਤਾ ਪਿਤਾ ਦਾ ਯੋਗਦਾਨ

ਬੱਚਿਆਂ ਨੂੰ ਅਵਲ ਦਰਜ਼ੇ ਦੀ ਸਿਖਿਆ ਦੇਣ ਲਈ ਗੁਰਦੁਆਰਾ ਸਾਹਿਬ ਬਹੁਤ ਵੱਡਾ ਸਿਖਿਆ ਦਾ ਕੇਂਦਰ ਬਣ ਸਕਦੇ ਹਨ। ਬਹੁਤ ਸਾਰੇ ਮਾਨਸਿਕ, ਸਰੀਰਕ ਤੇ ਆਰਥਿਕ ਪਹਿਲੂਆਂ ਸਬੰਧੀ ਗੁਰਦੁਆਰਾ ਸਾਹਿਬ ਸਹਾਈ ਹੋ ਸਕਦੇ ਹਨ। ਬਿਨਾ ਕਿਸੇ ਉਚੇਚੇ ਉਪਰਾਲੇ ਕਰਨ ਦੇ ਬੱਚੇ ਬਹੁਤ ਸਾਰੀਆਂ ਚੰਗੀਆਂ ਆਦਤਾਂ ਸਿਖ ਸਕਦੇ ਹਨ। ਆਪਸ ਵਿਚ ਕਿਸ ਤਰ੍ਹਾਂ ਮਿਲਵਰਤਨ ਕਰਨਾ, ਲੰਗਰ ਬਣਾਨਾ ਤੇ ਵਰਤਾਣਾ, ਦਰਬਾਰ ਹਾਲ ਵਿਚ ਕਿਸ ਤਰ੍ਹਾਂ ਬੈਠਣਾਂ, ਗੁਰਬਾਣੀ ਸੁਣਨੀ ਸਮਝਣੀ ਤੇ ਗਾਇਨ ਕਰਨੀ, ਇਕ ਦੂਜੇ ਦੀ ਸਹਾਇਤਾ ਕਰਨੀ, ਆਦਿ।

ਗੁਰਦੁਆਰਾ ਸਾਹਿਬ ਵਿਚ ਆਉਂਣ ਵਾਲਾ ਕੋਈ ਵਿਅਕਤੀ ਜਾਂ ਬੱਚਾ ਵਿਹਲਾ ਨਹੀਂ ਰਹਿੰਣਾ ਚਾਹੁੰਦਾ ਹੈ। ਹਰੇਕ ਮਨੁੱਖ ਦੇ ਮਨ ਅੰਦਰ ਆਪਣਾ ਕੋਈ ਨਾ ਕੋਈ ਯੋਗਦਾਨ ਦੇਣ ਦੀ ਇਛਾ ਹੁੰਦੀ ਹੈ, ਸਿਰਫ ਉਸ ਲਈ ਵਾਤਾਵਰਨ ਪੈਦਾ ਕਰਨ ਤੇ ਉਤਸ਼ਾਹ ਦੇਣ ਦੀ ਲੋੜ ਹੈ। ਛੋਟੇ ਬੱਚੇ ਵੱਡੇ ਬੱਚਿਆਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਵੱਡੇ ਬੱਚੇ ਬਜੁਰਗਾਂ ਜਾਂ ਵੱਡਿਆਂ ਤੋਂ ਚੰਗੇ ਗੁਣ ਸਿਖ ਸਕਦੇ ਹਨ। ਇਸ ਤਰ੍ਹਾਂ ਇਹ ਲੜੀ ਕਾਇਮ ਕੀਤੀ ਜਾ ਸਕਦੀ ਹੈ। ਜਦੋਂ ਬੱਚਾ ਗੁਰਦੁਆਰਾ ਸਾਹਿਬ ਵਿਚੋਂ ਚੰਗੇ ਗੁਣ ਸਿਖ ਕੇ ਆਵੇਗਾ ਤਾਂ ਉਹ ਆਪਣੇ ਜੀਵਨ ਵਿਚ ਵੀ ਲਾਗੂ ਕਰਨ ਦੀ ਕੋਸ਼ਿਸ਼ ਕਰੇਗਾ। ਅਜੇਹੀਆਂ ਸਿਖਿਆਵਾਂ ਨਾਲ ਬੱਚਾ ਆਪਣੇ ਘਰ ਵਿਚ, ਰਸੋਈ, ਬੈਠਕ, ਸੌਣ ਵਾਲਾ ਕਮਰਾ, ਤੇ ਹੋਰ ਆਸੇ ਪਾਸੇ ਦੀਆਂ ਚੀਜ਼ਾਂ ਸਾਫ ਸੁਥਰੀਆਂ ਰੱਖਣੀਆਂ ਸਿਖ ਜਾਂਦਾ ਹੈ।

ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਵਿਚ ਬਹੁਤ ਸਾਰੀ ਤਪਦੀਲੀ ਤੇ ਸੁਧਾਰਾ ਦੀ ਲੋੜ ਹੈ। ਜਿਆਦਾਤਰ ਗੁਰਦੁਆਰਾ ਸਾਹਿਬਾਂ ਦੇ ਪ੍ਰੋਗਰਾਮਾਂ ਬਾਰੇ ਵੇਖਿਆ ਜਾਵੇ ਤਾਂ ਸਾਰਿਆਂ ਵਾਸਤੇ ਉਹੀ ਪ੍ਰੋਗਰਾਮ ਹੁੰਦਾ ਹੈ, ਭਾਂਵੇ ਕੋਈ ੫ ਸਾਲ ਤੋਂ ਘਟ ਦਾ ਹੋਵੇ, ੫ ਤੋਂ ੧੦ ਸਾਲ ਦਾ, ੧੦ ਤੋਂ ੨੦ ਸਾਲ ਦਾ, ੨੦ ਤੋਂ ੪੦ ਸਾਲ ਦਾ, ੪੦ ਤੋਂ ੬੦ ਸਾਲ ਦਾ, ਜਾਂ ੬੦ ਸਾਲ ਤੋਂ ਉੱਪਰ ਦਾ ਹੋਵੇ। ਜਦੋਂ ਕਿ ਹਰੇਕ ਉੱਮਰ ਦੇ ਬੱਚੇ, ਨੌਜਵਾਨ ਜਾਂ ਬਜੁਰਗ ਦੀ ਸੋਚ, ਲੋੜ ਤੇ ਸਮਝਣ ਦਾ ਸਤੱਰ ਤੇ ਤਰੀਕਾ ਅਲੱਗ ਅਲੱਗ ਹੁੰਦਾ ਹੈ। ਇਸ ਲਈ ਉੱਮਰ ਅਨੁਸਾਰ ਹਰੇਕ ਗਰੁਪ ਲਈ ਗੁਰਦੁਆਰਾ ਸਾਹਿਬਾਂ ਵਿਚ ਵੱਖਰਾ ਵੱਖਰਾ ਪ੍ਰੋਗਰਾਮ ਹੋਣ ਚਾਹੀਦਾ ਹੈ। ਗੁਰੂ ਗਰੰਥ ਸਾਹਿਬ ਦੀ ਸਹਾਇਤਾ ਨਾਲ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਕਿਸ ਤਰ੍ਹਾਂ ਜਾਣਕਾਰੀ ਹਾਸਲ ਕਰ ਸਕਦੇ ਹਾਂ, ਇਨ੍ਹਾਂ ਵਿਸ਼ਿਆਂ ਉੱਪਰ ਉਚੇਚੇ ਤੌਰ ਤੇ ਗੁਰਮਤਿ ਵੀਚਾਰਾਂ ਤੇ ਵੀਚਾਰ ਵਟਾਦਰੇ ਹੋਣੇ ਚਾਹੀਦੇ ਹਨ।

ਗੁਰਦੁਆਰਾ ਸਾਹਿਬਾਂ ਵਿਚ ਗੁਰਮਤਿ ਤੇ ਆਮ ਸਿਖਿਆ ਸਬੰਧੀ ਛੋਟੀਆਂ ਜਾਂ ਮੱਧਮ ਸਮੇਂ ਵਾਲੀਆਂ ਪਿਕਚਰਾਂ ਜਾਂ ਨਾਟਕ ਵਿਖਾਏ ਜਾ ਸਕਦੇ ਹਨ। ਘਰਾਂ ਵਿਚ, ਆਵਾਜਾਈ ਵਿਚ, ਸਕੂਲਾਂ ਵਿਚ, ਦਫਤਰਾਂ ਵਿਚ ਤੇ ਫੈਕਟਰੀਆਂ ਵਿਚ, ਕਿਸ ਤਰ੍ਹਾਂ ਖਤਰਿਆਂ ਤੋ ਬਚਣਾ ਹੈ, ਉਸ ਸਬੰਧੀ ਫਿਲਮਾਂ ਵਿਖਾਈਆਂ ਜਾ ਸਕਦੀਆਂ ਹਨ। ਦੁਨਿਆਵੀ ਸਿਖਿਆ ਤੇ ਬੱਚਿਆਂ ਦੀਆਂ ਕਲਾਸਾਂ ਦੇ ਸਲੇਬਸ ਨਾਲ ਸਬੰਧਤ ਪ੍ਰੋਗਰਾਮ ਵਿਖਾਏ ਜਾ ਸਕਦੇ ਹਨ। ਗੁਰਦੁਆਰਾ ਸਾਹਿਬਾਂ ਵਿਚ ਇਕ ਲਾਇਬਰੇਰੀ ਹੋਣੀ ਚਾਹੀਦੀ ਹੈ, ਜਿਸ ਵਿਚ ਚੰਗੀਆਂ ਕਿਤਾਬਾਂ, ਸੀਡੀਆਂ, ਬੋਲਣ ਤੇ ਵੇਖਣ ਵਾਲੇ ਸਿਖਿਆ ਦੇ ਪ੍ਰੋਗਰਾਮ ਹੋਣੇ ਚਾਹੀਦੇ ਹਨ। ਸਮੇਂ ਸਮੇਂ ਤੇ ਇਨ੍ਹਾਂ ਦੀ ਜਾਣਕਾਰੀ ਆਪਸ ਵਿਚ ਸਾਂਝੀ ਕਰਨੀ ਚਾਹੀਦੀ ਹੈ।

ਅੱਜਕਲ ਦੇ ਸਮੇਂ ਵਿਚ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਇਕ ਚੰਗੇ ਸਿੱਖ ਤੇ ਚੰਗੇ ਨਾਗਰਿਕ ਬਣਾਣਾ ਚਾਹੁੰਦੇ ਹਾਂ, ਤਾਂ ਸਾਨੂੰ ਗੁਰਬਾਣੀ ਨੂੰ ਰਵਾਇਤੀ ਤੌਰ ਤੇ ਪੜ੍ਹਨਾਂ ਬੰਦ ਕਰਨਾ ਪਵੇਗਾ, ਤੇ ਗੁਰਬਾਣੀ ਨੂੰ ਚੰਗੀ ਤਰ੍ਹਾਂ ਸਮਝ ਕੇ ਆਪਣੇ ਜੀਵਨ ਦਾ ਹਿਸਾ ਬਣਾਣਾ ਪਵੇਗਾ।

*ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥ (੨੮੮, ੨੮੯)*

ਗੁਰੂ ਨਾਨਕ ਸਾਹਿਬ ਨੇ ਸੱਚ ਤੇ ਵਿਗਿਆਨ ਦੇ ਆਧਾਰ ਤੇ ਇਕ ਅਧੁਨਿਕ ਧਰਮ ਤੇ ਸਮਾਜ ਦਾ ਆਰੰਭ ਕੀਤਾ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਿਰਲੇਖ ਅਕਾਲ ਪੁਰਖੁ ਨੂੰ ਵਿਗਿਆਨਕ ਤਰੀਕੇ ਨਾਲ ਦਰਸਾਉਂਣ ਦਾ ਆਰੰਭ ਹੈ। ਇਸ ਨੂੰ ਅਕਾਲ ਪੁਰਖੁ ਸਬੰਧੀ ਸਾਇੰਸ ਦਾ ਮੁੱਢ ਵੀ ਕਹਿ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ ਦਿਤੀ, ਬਲਕਿ ਪੂਰਨ, ਉਚੇ ਪੱਧਰ ਦੀ ਸਇੰਸ ਦੇ ਆਧਾਰ ਤੇ ਦਿੱਤੀ ਹੈ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥(੧)*

ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਹੋਰਨਾਂ ਮਤਾਂ ਦਾ ਜਿਕਰ ਕਰਦੇ ਹੋਏ ਸਿੱਖ ਧਰਮ ਦੇ ਮੁਢਲੇ ਸਿਧਾਂਤ, *'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'* ਬਾਰੇ ਵੀ ਸਪੱਸ਼ਟ ਜਾਣਕਾਰੀ ਦੇ ਦਿਤੀ ਹੈ। ਕਬੀਰ

ਸਾਹਿਬ ਆਪਣੀ ਰਚਨਾ ਵਿੱਚ ਸਮਝਾਉਂਦੇ ਹਨ, ਕਿ ਅਸਲੀ ਮਨੁੱਖ ਉਹੀ ਹੈ, ਜੋ ਕਿ ਅਕਾਲ ਪੁਰਖੁ ਦੇ ਹੁਕਮੁ ਨੂੰ ਸਮਝਣ ਦੀ ਦਿਸ਼ਾ ਵਲ ਜਾਂਦਾ ਹੈ। "***ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥***" ਗੁਰੂ ਨਾਨਕ ਸਾਹਿਬ ਨੇ ਤਾਂ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿੱਚ ਹੀ ਸਿੱਖ ਧਰਮ ਦਾ ਮੁਢਲਾ ਸਿਧਾਂਤ ਸਮਝਾ ਦਿੱਤਾ ਹੈ ਕਿ ਜੇ ਕਰ ਅਕਾਲ ਪੁਰਖੁ ਨੂੰ ਪਾਉਣਾਂ ਹੈ ਤਾਂ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਪਵੇਗਾ, ਜੋ ਕਿ ਧੁਰ ਤੋਂ ਹੀ ਜੀਵ ਦੇ ਨਾਲ ਲਿਖਿਆ ਹੋਇਆ ਹੈ।

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧)***

ਅੱਜਕਲ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਤੇ ਬਰਬਾਦੀ ਦਾ ਕਾਰਨ ਇਹੀ ਹੈ ਕਿ ਲੋਕਾਂ ਨੇ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਨੂੰ ਸਮਝਣਾ ਤੇ ਉਸ ਅਨੁਸਾਰ ਚਲਣਾ ਬੰਦ ਕਰ ਦਿਤਾ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਸਮਝਾਇਆ ਸੀ, ਕਿ ਅਕਾਲ ਪੁਰਖੁ ਕੁਦਰਤ ਵਿਚ ਵਸਦਾ ਹੈ, "***ਕੁਦਰਤਿ ਕਰਿ ਕੈ ਵਸਿਆ ਸੋਇ ॥ ਵਖਤੁ ਵੀਚਾਰੇ ਸੁ ਬੰਦਾ ਹੋਇ ॥*** (੮੩,੮੪)"। ਪਰੰਤੂ ਅੱਜ ਅਸੀਂ ਕੁਦਰਤ ਦਾ ਸਤਿਕਾਰ ਨਾ ਕਦਰੇ ਹੋਏ ਪਰਦੂਸ਼ਨ (Pollution) ਫੈਲਾ ਰਹੇ ਹਾਂ, ਜੰਗਲ ਕਟ ਰਹੇ ਹਾਂ, ਪਹਾੜ ਕੱਟ ਰਹੇ ਹਾਂ। ਇਸ ਦੇ ਨਤੀਜੇ ਵੀ ਭੁਗਤ ਰਹੇ ਹਾਂ, ਜਿਸ ਕਰਕੇ ਕਿਤੇ ਸੋਕਾ ਤੇ ਕਿਤੇ ਹੜ, ਕਿਤੇ ਤੂਫਾਨ ਆ ਰਹੇ ਹਨ ਤੇ ਕਿਤੇ ਪਹਾੜਾਂ ਦੀ ਮਿੱਟੀ ਡਿਗ ਰਹੀ ਹੈ। ਸਿੱਖ ਨੇ ਕੁਦਰਤ ਵਿਚੋਂ ਕਾਦਰ ਨੂੰ ਵਸਦਾ ਵੇਖਣਾ ਹੈ।

ਇਸ ਲਈ ਜੇ ਕਰ ਅਸੀਂ ਨਾਮੁ, ਹੁਕਮੁ ਅਤੇ ਸਚੁ[ਨ੦੧] ਨੂੰ ਸਮਝਣਾ ਚਾਹੁੰਦੇ ਹਾਂ ਤਾਂ ਸਾਨੂੰ ਸੱਚੀ ਬਾਣੀ ਉਪਰ ਵਿਸ਼ਵਾਸ ਕਰਨਾ ਪਵੇਗਾ ਅਤੇ ਗੁਰਬਾਣੀ ਪੜ੍ਹਨੀ, ਸੁਣਨੀ, ਸਮਝਣੀ ਤੇ ਰੋਜ਼ਾਨਾ ਜੀਵਨ ਵਿਚ ਅਪਨਾਉਂਣੀ ਪਵੇਗੀ।

***ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ, ਸਦਾ ਰਹਹੁ ਹਰਿ ਰੰਗਿ, ਜਪਿਹੁ ਸਾਰਿਗਪਾਣੀ ॥ ਕਹੈ ਨਾਨਕੁ ਸਦਾ ਗਾਵਹੁ, ਏਹ ਸਚੀ ਬਾਣੀ ॥੨੩॥ (੯੨੦)***

ਇਹ ਧਿਆਨ ਵਿਚ ਰੱਖ ਲੈਂਣਾਂ ਚਾਹੀਦਾ ਹੈ ਕਿ ਹਰੇਕ ਕਿਰਿਆ ਅਕਾਲ ਪੁਰਖੁ ਦੇ ਹੁਕਮੁ ਅਨੁਸਾਰ ਹੁੰਦੀ ਹੈ। ਜੇ ਚੰਗੇ ਕੰਮ ਕਰਾਂਗੇ ਤਾਂ ਨਤੀਜੇ ਚੰਗੇ ਹੋਣਗੇ, ਜੇ ਘਟੀਆ ਕੰਮ ਕਰਾਂਗੇ ਤਾਂ ਨਤੀਜੇ ਉਸ ਅਨੁਸਾਰ ਭੁਗਤਣੇ ਪੈਂਣਗੇ। ਇਹ ਸਾਡੇ ਤੇ ਨਿਰਭਰ ਕਰਦਾ ਹੈ, ਕਿ ਅਸੀਂ ਕਿਸ ਪਾਸੇ ਤੁਰਨਾ ਚਾਹੁੰਦੇ ਹਾਂ। ਭਾਵੇਂ ਅਸੀਂ ਮੰਨੀਏ ਜਾਂ ਨਾ ਮੰਨੀਏ ਇਹ ਸਾਰੀ ਸ੍ਰਿਸ਼ਟੀ ਪੈਦਾ ਕਰਨ ਵਾਲਾ ਅਕਾਲ ਪੁਰਖੁ ਹੀ ਹੈ, ਤੇ ਉਸ ਨੂੰ ਚਲਾਉਣ ਵਾਲਾ ਉਸ ਦਾ ਹੁਕਮੁ[ਹ੨੫] ਹੀ ਹੈ।

***"ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥੧੫॥"*** *(੪੭੧)*

ਜੇਕਰ ਮਾਤਾ ਪਿਤਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਚੰਗੇ ਬਣਨ ਤਾਂ ਜਰੂਰੀ ਹੈ ਕਿ ਘਰ ਵਿਚ ਵੀ ਉਸੇ ਅਨੁਸਾਰ ਮਹੌਲ ਹੋਵੇ। ਬੱਚੇ ਅਕਸਰ ਆਪਣੇ ਮਾਤਾ ਪਿਤਾ ਦੀ ਨਕਲ ਕਰਦੇ ਹਨ। ਇਸ ਲਈ ਮਾਤਾ ਪਿਤਾ ਨੂੰ ਬੱਚਿਆਂ ਲਈ ਇਕ ਚੰਗਾ ਰੋਲ ਮਾਡਲ ਬਣਨਾ ਚਾਹੀਦਾ ਹੈ। ਜੇਕਰ ਮਾਤਾ ਪਿਤਾ ਆਪਣੇ ਬੱਚਿਆਂ ਦੀ ਗੱਲ ਧਿਆਨ ਨਾਲ ਸੁਣਦੇ ਹਨ ਤਾਂ ਬੱਚੇ ਵੀ ਮਾਤਾ ਪਿਤਾ ਦੀ ਗੱਲਾਂ ਧਿਆਨ ਨਾਲ ਸੁਣਨਾ ਸਿਖ ਜਾਂਦੇ ਹਨ। ਜੇਕਰ ਮਾਤਾ ਪਿਤਾ ਜਦੋਂ ਕਿਸੇ ਦੂਸਰੇ ਨਾਲ ਗੱਲਾਂ ਕਰਨ ਵੇਲੇ, ਉਸ ਦੀ ਗੱਲ ਨਹੀਂ ਸੁਣਦੇ ਹਨ ਤਾਂ ਬੱਚੇ ਵੀ ਨਾ ਸੁਣਨ ਵਾਲੀ ਆਦਤ ਸਿਖ ਜਾਂਦੇ ਹਨ। ਆਪਣੇ ਜੀਵਨ ਸਾਥੀ ਨਾਲ ਨਾ ਤਾਂ ਉੱਚੀ ਬੋਲਣਾ ਚਾਹੀਦਾ ਹੈ ਤੇ ਨਾ ਹੀ ਲੜਨਾਂ ਚਾਹੀਦਾ ਹੈ, ਤੇ ਨਾ ਹੀ ਉਸ ਦੀ ਕਹੀ ਗੱਲ ਵੱਲ ਬੇਧਿਆਨੇ ਹੋਣਾ ਚਾਹੀਦਾ ਹੈ। ਬੱਚੇ ਇਹ ਸਭ ਕੁਝ ਵੇਖਦੇ ਰਹਿੰਦੇ ਹਨ ਤੇ ਮਾਤਾ ਪਿਤਾ ਦੀਆਂ ਨਕਲਾਂ ਵੀ ਲਾਂਉਂਦੇ ਰਹਿੰਦੇ ਹਨ। ਇਹ ਸਭ ਕੁਝ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਮਾਤਾ ਪਿਤਾ ਨੂੰ ਪਤਾ ਵੀ ਨਹੀਂ ਲਗਦਾ। ਨਿਮਰਤਾ ਨਾਲ ਬੋਲਣਾ, ਧੰਨਵਾਦ ਕਰਨਾ, ਝੂਠ ਨਹੀਂ ਬੋਲਣਾ, ਆਏ ਗਏ ਦਾ ਸਵਾਗਤ ਕਰਨਾ, ਵੱਡਿਆਂ ਦੀ ਇਜ਼ਤ ਕਰਨਾ, ਆਦਿ ਸਭ ਕੁਝ ਬੱਚੇ, ਮਾਤਾ ਪਿਤਾ ਭੈਣ ਭਰਾ ਰਿਸ਼ਤੇਦਾਰਾਂ ਤੇ ਆਸੇ ਪਾਸੇ ਦੇ ਲੋਕਾਂ ਵੱਲ ਵੇਖ ਕੇ ਹੀ ਸਿਖਦੇ ਹਨ। ਇਸ ਲਈ ਮਾਤਾ ਪਿਤਾ ਦੇ ਅੰਦਰ ਗੁਰਬਾਣੀ ਦੀ ਸਿਖਿਆ ਦੇ ਨਾਲ ਨਾਲ ਨਿਮਰਤਾ, ਸ਼ਾਂਤੀ ਤੇ ਦ੍ਰਿੜਤਾ ਹੋਣੀ ਚਾਹੀਦੀ ਹੈ।

ਬਹੁਤ ਸਾਰੇ ਤਰੀਕੇ ਹਨ, ਜਿਨ੍ਹਾਂ ਨਾਲ ਮਾਤਾ ਪਿਤਾ ਆਪਣੇ ਬੱਚਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਸੁਧਾਰ ਸਕਦੇ ਹਨ, ਜਿਸ ਤਰ੍ਹਾਂ ਕਿ: ਬੱਚੇ ਨੂੰ ਨਾਂ ਲੈਕੇ ਬੁਲਾਉਂਣਾਂ; ਨਹੀਂ ਦੀ ਥਾਂ, ਹਾਂ ਵਾਲੀ ਭਾਸ਼ਾ ਵਰਤਣੀ ; ਬੱਚਿਆਂ ਨਾਲ ਅੱਖਾਂ ਨਾਲ ਅੱਖਾਂ ਮਿਲਾ ਕੇ ਸਾਂਝ ਪੈਦਾ ਕਰਨੀ ; ਉੱਚੀ ਆਵਾਜ਼ ਵਿਚ ਨਹੀਂ ਬੋਲਣਾ ; ਸਿਧਾ ਮਨਾਹ ਕਰਨ ਦੀ ਬਜਾਏ, ਹੋਰ ਯੋਗ ਤਰੀਕਾ ਵਰਤਣਾ ਤੇ ਸੁਝਾਅ ਦੇਣਾ; ਸਮਝਾਂਣ ਦਾ ਤਰੀਕਾ ਛੋਟਾ ਤੇ ਸਪੱਸ਼ਟ ਹੋਣਾ; ਬੱਚਿਆਂ ਨੂੰ ਪ੍ਰੇਸ਼ਾਨ ਕਰਨਾ ਤੇ ਨਿੰਦਣਾ ਨਹੀਂ; ਆਦਿ।